# ਅਧਿਆਇ 23

# ਸਾਰਾਹ ਦੀ ਮੌਤ

ਅਧਿਆਇ 23 ਸਾਰਾਹ ਦੀ ਮੌਤ ਅਤੇ ਉਸ ਤੋਂ ਬਾਅਦ ਉਸ ਨੂੰ ਦਫ਼ਨਾਉਣ ਦੇ ਲਈ ਇਕ ਉਚਿਤ ਥਾਂ ਲਈ ਅਬਰਾਹਾਮ ਦੀ ਖੋਜ ਦਾ ਵਰਣਨ ਕਰਦਾ ਹੈ। ਹਬਰੋਨ ਵਿਚ ਹੇਤ ਦੇ ਪੁੱਤਰਾਂ ਨਾਲ ਸੌਦੇਬਾਜੀ ਕਰਨ ਤੋਂ ਬਾਅਦ, ਉਸ ਨੇ ਮਕਫੇਲਾਹ ਦੀ ਗੁਫਾ ਲਈ ਅਤੇ ਆਪਣੀ ਪਿਆਰੀ ਪਤਨੀ ਨੂੰ ਵਾਅਦੇ ਦੀ ਧਰਤੀ ਵਿਚ ਦੱਬਿਆ।

## ਸਾਰਾਹ ਦੀ ਮੌਤ ਅਤੇ ਅਬਰਾਹਾਮ ਦਾ ਸੋਗ (23:1, 2)

**1ਸਾਰਾਹ ਦੀ ਉਮਰ ਇੱਕ ਸੌ ਸਤਾਈਆਂ ਵਰਿਹਾਂ ਦੀ ਹੋਈ। 2ਏਹ ਸਾਰਾਹ ਦੀ ਉਮਰ ਦੇ ਵਰਹੇ ਸਨ ਤਾਂ ਸਾਰਾਹ ਕਿਰਯਤ ਅਰਬਾ ਅਰਥਾਤ ਹਬਰੋਨ ਵਿੱਚ ਮਰ ਗਈ ਜਿਹੜਾ ਕਨਾਨ ਦੇਸ ਵਿੱਚ ਹੈ ਅਤੇ ਅਬਰਾਹਾਮ ਸਾਰਾਹ ਦੀ ਮੁਕਾਣ ਦੇਣ ਲਈ ਅਰ ਰੋਣ ਲਈ ਆਇਆ।**

**ਆਇਤ 1.** ਹਾਲਾਂਕਿ ਉਤਪਤ ਦਾ ਬਿਰਤਾਂਤ **ਸਾਰਾਹ ਦੇ ਜੀਵਨ** ਦੇ ਆਖ਼ਰੀ ਕੁਝ ਸਾਲਾਂ ਬਾਰੇ ਬਹੁਤ ਘੱਟ ਦੱਸਦਾ ਹੈ, ਇਤਹਾਸਕ ਵਾਰਤਾਂ ਵਿੱਚ ਉਸ ਦਾ ਇਕ ਮਹੱਤਵਪੂਰਣ ਸਥਾਨ ਹੈ। ਬਾਈਬਲ ਵਿਚ ਉਹੀ ਇਕ ਔਰਤ ਹੈ ਜਿਸ ਦੇ ਜੀਵਨਕਾਲ ਨੂੰ ਸੰਭਾਲਣ ਦੁਆਰਾ ਬਾਈਬਲ ਦੇ ਲੇਖਕਾਂ ਨੇ ਉਸ ਦਾ ਆਦਰ ਕੀਤਾ ਹੈ। ਜਦੋਂ ਇਸਹਾਕ ਦਾ ਜਨਮ ਹੋਇਆ ਤਾਂ ਉਹ ਨੱਬੇ ਵਰਿਹਾਂ (17:17; 21:1, 2) ਅਤੇ ਲਗਭਗ ਤਿਰਾਨਵੇ ਵਰਿਹਾਂ ਦੀ ਸੀ ਜਦੋਂ ਉਸ ਨੇ ਇਹ ਮੰਗ ਕੀਤੀ ਸੀ ਕਿ ਅਬਰਾਹਾਮ ਹਾਜਰਾ ਅਤੇ ਇਸਮਾਏਲ ਨੂੰ ਘਰੋਂ ਬਾਹਰ ਕੱਢ ਦੇਵੇ (21:8-10)। ਵਾਰਤਾਕਾਰ ਨੇ ਇਹ ਲਿਖਣ ਤੋਂ ਪਹਿਲਾਂ ਕਿ ਸਾਰਾਹ **ਇੱਕ ਸੌ ਸਤਾਈਆਂ ਵਰਿਹਾਂ** ਦੀ ਉਮਰ ਵਿਚ ਮਰੀ ਉਸ ਦੇ ਜੀਵਨ ਦੇ ਆਖ਼ਰੀ ਚੌਂਤੀ ਵਰਿਹਾਂ ਬਾਰੇ ਗੱਲ ਨਹੀਂ ਕੀਤੀ। ਦੂਜੇ ਪਾਸੇ, ਅਬਰਾਹਾਮ ਦੇ ਜੀਵਨ ਨਾਲ ਵੀ ਕੁਝ ਇਸੇ ਤਰ੍ਹਾਂ ਦਾ ਵਿਹਾਰ ਕੀਤਾ ਗਿਆ ਸੀ। ਧਰਤੀ ਤੇ ਉਸ ਦੀ ਯਾਤਰਾ ਦੇ ਆਖ਼ਰੀ ਅਠੱਤੀ ਵਰਿਹਾਂ (137 ਵਰਿਹਾਂ ਦੀ ਉਮਰ ਤੋਂ ਲੈ ਕੇ 175 ਵਰਿਹਾਂ ਤੱਕ) ਦੌਰਾਨ ਸਿਰਫ ਦੋ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ: ਇਸਹਾਕ ਦੇ ਲਈ ਪਤਨੀ ਨੂੰ ਚੁਣਨਾ (24:1-67) ਅਤੇ ਕਟੂਰਾਹ ਨਾਲ ਅਬਰਾਹਾਮ ਦਾ ਵਿਆਹ (25:1-10)। ਫਿਰ ਵੀ, ਬਾਅਦ ਵਾਲੀ ਘਟਨਾ ਦਾ ਘਟਨਾਕ੍ਰਮ ਅਨਿਸ਼ਚਤ ਹੈ (25:1 ਤੇ ਟਿੱਪਣੀਆਂ ਵੇਖੋ)।

**ਆਇਤ 2.** ਉਹ ਥਾਂ ਜਿੱਥੇ **ਸਾਰਾਹ ਮਰੀ** ਉਸ ਦਾ ਨਾਂ **ਕਿਰਯਤ ਅਰਬਾ** ਸੀ, ਜਿਸ ਦਾ ਸ਼ਾਬਦਿਕ ਅਰਥ ਹੈ "ਚਾਰ ਦਾ ਸ਼ਹਿਰ।" ਇਸ ਸੰਦਰਭ ਵਿਚ ਨਾਂ ਦਾ ਕੀ ਮਹੱਤਵ ਹੈ ਇਸ ਦੇ ਬਾਰੇ ਕਈ ਸੁਝਾਅ ਦਿੱਤੇ ਗਏ ਹਨ। ਦੋ ਰੋਚਕ ਸੰਭਾਵਨਾਵਾਂ ਇਹ ਹਨ: (1) ਇਹ ਉਹ ਸ਼ਹਿਰ ਸੀ ਜਿਸ ਵਿਚ, "ਹਿੱਤੀਆਂ ਨੇ ਚਾਰ ਦੇ ਸ਼ਹਿਰ ਦੇ ਮਿਸ਼ਰਣ ਵਿਚ ਇਕ ਚੌਥਾਈ ਤੇ ਕਬਜ਼ਾ ਕੀਤਾ ਹੋਇਆ ਸੀ।"[1] (2) ਦੂਜਾ ਵਿਕਲਪ, ਜਿਹੜਾ ਕਿ ਸੰਭਵ ਪ੍ਰਤੀਤ ਹੁੰਦਾ ਹੈ, ਉਹ ਇਹ ਹੈ

ਕਿ ਇਹ ਨਾਂ ਉਸ ਇਲਾਕੇ ਵਿੱਚ ਪਰਿਵਾਰਾਂ (ਨੌਕਰਾਂ/ਗੁਲਾਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਸਮੇਤ) ਦੇ ਚਾਰ ਸਮਝੌਤਿਆਂ ਦੇ ਸੰਗਠਨ ਦਾ ਹਵਾਲਾ ਦਿੰਦਾ ਸੀ: ਆਨੇਰ, ਅਸ਼ਕੋਲ, ਮਮਰੇ ਅਤੇ ਹਬਰੋਨ (ਵੇਖੋ 14:13)।[2] ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਹਬਰੋਨ ਉਸ ਇਲਾਕੇ ਵਿਚ ਪ੍ਰਮੁੱਖ ਸ਼ਹਿਰ ਬਣ ਗਿਆ ਕਿਉਂਕਿ ਉੱਥੇ ਜਿਹੜੇ ਪਰਿਵਾਰ ਆ ਕੇ ਵੱਸੇ ਸਨ ਆਪਣੀਆਂ ਭੇਡਾਂ ਬੱਕਰੀਆਂ ਅਤੇ ਮਾਲ ਡੰਗਰਾਂ ਨਾਲ ਹੋਰ ਥਾਵਾਂ ਤੇ ਚਲੇ ਗਏ। ਦੂਜੇ ਪਾਸੇ, ਕੁਝ ਪਰਿਵਾਰ, ਜਿਵੇਂ ਕਿ ਲੂਤ ਦਾ ਪਰਿਵਾਰ (13:12; 14:12) ਉਨ੍ਹਾਂ ਦੇ ਪਰਿਜਨਾਂ ਦੇ ਜ਼ਿਆਦਾਤਰ ਹਿੱਸੇ ਨੂੰ ਉਨ੍ਹਾਂ ਦੀਆਂ ਭੇਡਾਂ ਬੱਕਰੀਆਂ ਅਤੇ ਮਾਲ ਡੰਗਰਾਂ ਦੀ ਦੇਖਭਾਲ ਕਰਨ ਦੇ ਲਈ ਪੇਂਡੂ ਇਲਾਕਿਆਂ ਵਿੱਚ ਛੱਡ ਕੇ ਹਬਰੋਨ ਵਿਚ ਚਲਾ ਗਿਆ ਹੋਵੇਗਾ। ਜਿਸ ਸਮੇਂ ਇਹ ਵਿਰਤਾਂਤ ਲਿਖਿਆ ਗਿਆ ਸੀ, ਵਾਰਤਾਕਾਰ ਨੂੰ ਆਪਣੇ ਇਸਰਾਏਲੀ ਸਰੋਤਿਆਂ ਨੂੰ ਇਹ ਸਮਝਾਉਣਾ ਪਿਆ ਸੀ ਕਿ "ਕਿਰਯਤ ਅਰਬਾ" **ਹਬਰੋਨ** ਦਾ ਪਹਿਲਾ ਨਾਮ ਸੀ (ਵੇਖੋ ਯਹੋਸ਼ੁਆ 14:15; ਨਿਆਈਆਂ 1:10)। ਉਸ ਨੇ ਇਸ ਨੂੰ **ਕਨਾਨ ਦੇ ਦੇਸ ਵਿੱਚ** ਵਜੋਂ ਵੀ ਪਛਾਣਿਆ ਸੀ।

ਵਿਰਤਾਂਤ ਦੱਸਦਾ ਹੈ ਕਿ **ਅਬਰਾਹਾਮ ਸਾਰਾਹ ਦੀ ਮੁਕਾਣ ਦੇਣ ਲਈ ਅਰ ਰੋਣ ਲਈ ਆਇਆ**, ਜਿਸ ਦਾ ਅਰਥ ਇਹ ਹੈ ਕਿ ਉਹ ਉਸ ਤੰਬੂ ਦੇ ਅੰਦਰ ਗਿਆ ਜਿੱਥੇ ਸਾਰਾਹ ਦੀ ਲਾਸ਼ ਪਈ ਹੋਈ ਸੀ। ਪ੍ਰਾਚੀਨ ਸਮਿਆਂ ਵਿਚ ਲਾਸ਼ ਦੀ ਮੌਜੂਦਗੀ ਵਿਚ ਰੋਣ ਅਤੇ ਸੋਗ ਦੀਆਂ ਸਾਰੀਆਂ ਰੀਤਾਂ ਪੂਰੀਆਂ ਕੀਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਵਿੱਚ ਜ਼ੋਰ-ਜ਼ੋਰ ਨਾਲ ਰੋਣਾ, ਕੱਪੜੇ ਪਾੜਨਾ, ਖਾਕ ਵਿੱਚ ਬੈਠਣਾ ਜਾਂ ਇਸ ਨੂੰ ਆਪਣੇ ਸਿਰ ਤੇ ਖਲਾਰਨਾ, ਤੱਪੜ ਪਹਿਨਣਾ ਅਤੇ ਰੋਜ਼ਾ ਸ਼ਾਮਲ ਹੋ ਸਕਦਾ ਸੀ (2 ਸਮੂਏਲ 1:11, 12; 13:31; ਅੱਯੂਬ 1:20; 2:12, 13; ਵੇਖੋ ਲੇਵੀਆਂ 21:5, 10)। ਸ਼ਾਇਦ ਅਬਰਾਹਾਮ ਦੀਆਂ ਸੋਗ ਦੀਆਂ ਰੀਤਾਂ ਇੰਨੀਆਂ ਵਿਸਤ੍ਰਿਤ ਨਹੀਂ ਹੋਣਗੀਆਂ, ਕਿਉਂਕਿ ਲਿਖਤ ਵਿਚ ਸਿਰਫ ਰੋਣ ਅਤੇ ਸੋਗ ਦਾ ਜ਼ਿਕਰ ਕੀਤਾ ਗਿਆ ਹੈ।[3]

## ਅਬਰਾਹਾਮ ਦੁਆਰਾ ਦਫਨਾਏ ਜਾਣ ਲਈ ਥਾਂ ਖਰੀਦਣਾ (23:3-16)

**3ਫੇਰ ਅਬਰਾਹਾਮ ਆਪਣੇ ਮੁਰਦੇ ਦੇ ਅੱਗਿਓਂ ਉੱਠਕੇ ਹੇਤ ਦੇ ਪੁੱਤ੍ਰਾਂ ਨੂੰ ਬੋਲਿਆ, 4ਮੈਂ**
**ਪਰਦੇਸੀ ਅਰ ਤੁਹਾਡੇ ਵਿੱਚ ਪਰਾਹੁਣਾ ਹਾਂ। ਤੁਸੀਂ ਆਪਣੇ ਵਿੱਚ ਇੱਕ ਕਬਰਿਸਤਾਨ ਮੇਰੀ**
**ਮਿਲਖ ਕਰ ਦਿਓ ਤਾਂ ਜੋ ਮੈਂ ਆਪਣਾ ਮੁਰਦਾ ਆਪਣੇ ਅੱਗੋਂ ਦੱਬ ਦਿਆਂ। 5ਹੇਤ ਦੇ ਪੁੱਤ੍ਰਾਂ ਨੇ**
**ਅਬਰਾਹਾਮ ਨੂੰ ਉੱਤਰ ਦਿੱਤਾ, 6ਪ੍ਰਭੂ ਜੀ ਸਾਡੀ ਸੁਣੋ। ਸਾਡੇ ਵਿੱਚ ਤੁਸੀਂ ਪਰਮੇਸ਼ੁਰ ਦੇ ਸਜਾਦੇ**
**ਹੋ। ਆਪਣੇ ਮੁਰਦੇ ਨੂੰ ਸਾਡੀਆਂ ਕਬਰਾਂ ਵਿੱਚੋਂ ਸਭ ਤੋਂ ਚੰਗੀ ਕਬਰ ਵਿੱਚ ਦੱਬ ਦਿਓ। ਤੁਹਾਡੇ**
**ਮੁਰਦੇ ਨੂੰ ਦੱਬਣ ਲਈ ਸਾਡੇ ਵਿੱਚੋਂ ਕੋਈ ਵੀ ਆਪਣੀ ਕਬਰ ਤੁਹਾਥੋਂ ਨਹੀਂ ਰੋਕੇਗਾ। 7ਤਾਂ**
**ਅਬਰਾਹਾਮ ਉੱਠਿਆ ਅਰ ਉਹ ਉਸ ਦੇਸ ਦੇ ਲੋਕਾਂ ਅਰਥਾਤ ਹੇਤ ਦੇ ਪੁੱਤ੍ਰਾਂ ਦੇ ਅੱਗੇ ਝੁਕਿਆ।**
**8ਅਤੇ ਉਨ੍ਹਾਂ ਨੂੰ ਏਹ ਬੋਲਿਆ ਕਿ ਜੇ ਤੁਹਾਡੀ ਭਾਉਣੀ ਹੋਵੇ ਕਿ ਮੈਂ ਆਪਣੇ ਮੁਰਦੇ ਨੂੰ ਆਪਣੇ ਅੱਗੋਂ**
**ਦੱਬ ਦੇਵਾਂ ਤਾਂ ਮੇਰੀ ਗੱਲ ਸੁਣੋ ਅਰ ਸੋਹਰ ਦੇ ਪੁੱਤ੍ਰ ਅਫਰੋਨ ਦੇ ਅੱਗੇ ਮੇਰੀ ਸਪਾਰਸ਼ ਕਰੋ, 9ਤਾਂ**
**ਜੋ ਉਹ ਮੈਨੂੰ ਮਕਫੇਲਾਹ ਦੀ ਗੁਫਾ ਦੇਵੇ ਜਿਹੜੀ ਉਸ ਦੀ ਹੈ ਅਰ ਉਸ ਦੇ ਖੇਤ ਦੇ ਬੰਨੇ ਨਾਲ**
**ਹੈ। ਉਹ ਉਸ ਦਾ ਪੂਰਾ ਮੁੱਲ ਤੁਹਾਡੇ ਸਨਮੁਖ ਲੈ ਲਵੇ ਤਾਂ ਜੋ ਉਹ ਕਬਰਿਸਤਾਨ ਮੇਰੀ ਮਿਲਖ**
**ਹੋਵੇ। 10ਹੁਣ ਅਫਰੋਨ ਹੇਤ ਦੇ ਪੁੱਤ੍ਰਾਂ ਦੇ ਵਿਚਕਾਰ ਬੈਠਾ ਹੋਇਆ ਸੀ ਤਾਂ ਅਫਰੋਨ ਹਿੱਤੀ ਨੇ ਹੇਤ**
**ਦੇ ਪੁੱਤ੍ਰਾਂ ਦੇ ਕੰਨੀਂ ਨਾਲੇ ਸਾਰਿਆਂ ਨਗਰ ਦੇ ਫਾਟਕ ਤੋਂ ਲੰਘਣ ਵਾਲਿਆਂ ਦੇ ਕੰਨੀਂ ਵੀ ਇਹ ਗੱਲ**
**ਪਾ ਕੇ ਅਬਰਾਹਾਮ ਨੂੰ ਉੱਤਰ ਦਿੱਤਾ, 11ਨਹੀਂ ਮੇਰੇ ਪ੍ਰਭੂ ਜੀ ਮੇਰੀ ਸੁਣੋ। ਮੈਂ ਏਹ ਖੇਤ ਤੁਹਾਨੂੰ**

**ਦਿੰਦਾ ਹਾਂ ਅਰ ਏਹ ਗੁਫਾ ਭੀ ਜਿਹੜੀ ਉਹ ਦੇ ਵਿੱਚ ਹੈ। ਮੈਂ ਆਪਣੀ ਕੌਮ ਦੇ ਪੁੱਤ੍ਰਾਂ ਦੇ ਸਾਹਮਣੇ
ਤੁਹਾਨੂੰ ਦਿੰਦਾ ਹਾਂ। ਆਪਣੇ ਮੁਰਦੇ ਨੂੰ ਦੱਬ ਦਿਓ।
12ਫੇਰ ਅਬਰਾਹਾਮ ਉਸ ਦੇਸ ਦੇ ਲੋਕਾਂ ਦੇ
ਸਨਮੁਖ ਝੁਕਿਆ।
13ਅਤੇ ਉਸ ਦੇਸ ਦੇ ਲੋਕਾਂ ਦੇ ਸੁਣਦੇ ਹੋਏ ਅਫਰੋਨ ਨੂੰ ਆਖਿਆ, ਜੇਕਰ ਤੂੰ
ਇਸ ਵਿੱਚ ਮੇਰੀ ਸੁਣਦਾ ਹੈਂ ਤਾਂ ਮੈਂ ਉਸ ਖੇਤ ਲਈ ਚਾਂਦੀ ਦਿੰਦਾ ਹਾਂ। ਉਹ ਮੇਰੀ ਵੱਲੋਂ ਲੈ ਤਾਂ ਜੋ
ਮੈਂ ਆਪਣੇ ਮੁਰਦੇ ਨੂੰ ਉੱਥੇ ਦੱਬਾਂ।
14ਅਫਰੋਨ ਨੇ ਏਹ ਆਖਕੇ ਅਬਰਾਹਾਮ ਨੂੰ ਉੱਤਰ ਦਿੱਤਾ,
15ਪ੍ਰਭੂ ਜੀ ਮੇਰੀ ਸੁਣੋ ਏਹ ਜ਼ਮੀਨ ਦਾ ਖੱਤਾ ਜਿਹੜਾ ਚਾਰ ਸੌ ਚਾਂਦੀ ਦੇ ਰੁਪਇਏ ਦਾ ਹੈ ਏਹ
ਸਾਡੇ ਵਿੱਚ ਕੀ ਹੈ? ਆਪਣੇ ਮੁਰਦੇ ਨੂੰ ਦੱਬ ਦਿਓ।
16ਤਾਂ ਅਬਰਾਹਾਮ ਨੇ ਅਫਰੋਨ ਦੀ ਸੁਣੀ ਅਰ
ਅਬਰਾਹਾਮ ਨੇ ਇਹ ਚਾਂਦੀ ਦਾ ਚਾਰ ਸੌ ਰੁਪਇਆ ਜੋ ਬਪਾਰੀਆਂ ਵਿੱਚ ਚਲਤ ਸੀ ਜਿਹੜਾ
ਉਹ ਨੇ ਹਿੱਤੀਆਂ ਦੇ ਸੁਣਦੇ ਹੋਏ ਬੋਲਿਆ ਸੀ ਅਫਰੋਨ ਲਈ ਤੋਲ ਦਿੱਤਾ।**

**ਆਇਤ 3.** ਮੱਧ ਪੱਛਮ ਦੇ ਗਰਮੀ ਵਾਲੇ ਤਪਦੇ ਮੌਸਮ ਵਿਚ, ਲਾਸ਼ਾਂ ਛੇਤੀ ਨਾਲ ਗਲਨਾ ਸ਼ੁਰੂ ਹੋ ਜਾਂਦੀਆਂ ਸਨ, ਇਸ ਲਈ ਕਿਸੇ ਵੀ ਵਿਅਕਤੀ ਦੀ ਮੌਤ ਹੋਣ ਤੋਂ ਬਾਅਦ ਉਸ ਨੂੰ ਚੱਵੀ ਘੰਟਿਆਂ ਦੇ ਅੰਦਰ-ਅੰਦਰ ਦਫਨਾਉਣਾ ਪੈਂਦਾ ਸੀ। ਇਸ ਲਈ, ਜਦੋਂ ਥੋੜ੍ਹਾ ਜਿਹਾ ਪਰ ਉਚਿਤ ਸੋਗ ਪੂਰਾ ਹੋ ਗਿਆ ਤਾਂ **ਅਬਰਾਹਾਮ ਆਪਣੇ ਮੁਰਦੇ ਦੇ ਅੱਗਿਓਂ ਉੱਠਿਆ** ਅਤੇ ਹਬਰੋਨ ਵਿਚ **ਹੇਤ ਦੇ ਪੁੱਤ੍ਰਾਂ ਨੂੰ ਬੋਲਿਆ** ਅਤੇ ਉਨ੍ਹਾਂ ਕੋਲੋਂ ਸਾਰਾਹ ਦੀ ਲਾਸ਼ ਨੂੰ ਦਫਨਾਉਣ ਦੇ ਲਈ ਥਾਂ ਮੰਗੀ।

"ਹੇਤ ਦੇ ਪੁੱਤ੍ਰਾਂ" ਨੂੰ 23:10 ਵਿੱਚ ਹਿੱਤੀ ਕਹਿ ਕੇ ਬੁਲਾਇਆ ਗਿਆ ਹੈ; ਫਿਰ ਵੀ, ਉਨ੍ਹਾਂ ਦੀ ਇਤਹਾਸਕ ਪਹਿਚਾਣ ਕੀ ਹੈ ਇਸ ਦੇ ਬਾਰੇ ਵਿਦਵਾਨਾਂ ਵਿਚ ਕੋਈ ਆਮ ਸਹਿਮਤੀ ਨਹੀਂ ਬਣੀ। ਲੋਕਾਂ ਦੇ ਕਈ ਸਮੂਹ ਹਨ ਜਿਨ੍ਹਾਂ ਨੂੰ ਪ੍ਰਾਚੀਨ ਸੰਸਾਰ ਵਿਚ ਹਿੱਤੀ ਕਿਹਾ ਗਿਆ ਹੈ।

ਪਹਿਲਾ ਸਮੂਹ, ਸਭ ਤੋਂ ਮਹੱਤਵਪੂਰਣ ਇਤਹਾਸਕ ਹਿੱਤੀ ਸਪੱਸ਼ਟ ਤੌਰ ਤੇ ਭਾਰਤੀ-ਯੂਰਪੀ ਲੋਕ ਸਨ, ਜਿਨ੍ਹਾਂ ਨੇ ਲਗਭਗ 2000 ਈ.ਪੂ. ਵਿਚ ਐਨਾਟੋਲੀਆ (ਅੱਜ ਇਸ ਥਾਂ ਦਾ ਨਾਂ ਤੁਰਕੀ ਹੈ) ਵਿਚ ਇਕ ਸ਼ਕਤੀਸ਼ਾਲੀ ਸਾਮਰਾਜ ਕਾਇਮ ਕੀਤਾ ਸੀ। ਉਨ੍ਹਾਂ ਦਾ ਸਾਮਰਾਜ ਲਗਭਗ 1200 ਈ.ਪੂ. ਤੱਕ ਹੀ ਕਾਇਮ ਰਿਹਾ, ਜਦੋਂ ਇਹ ਏਜ਼ੀਅਮ ਦੇ ਹਮਲਿਆਂ "ਸਮੁੰਦਰੀ ਲੋਕਾਂ" ਦੁਆਰਾ ਤਬਾਹ ਕਰ ਦਿੱਤਾ ਗਿਆ ਸੀ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ "ਸਮੁੰਦਰੀ ਲੋਕ" ਬਾਈਬਲ ਵਿਚ ਫਲਿਸਤੀਆਂ ਨਾਲ ਸੰਬੰਧ ਰੱਖਦੇ ਸਨ, ਜਿਹੜੇ ਕਨਾਨ ਵਿਚ ਵੜ ਆਏ ਅਤੇ ਲਗਭਗ ਉਸੇ ਸਮੇਂ ਦੌਰਾਨ ਆਪਣੇ ਆਪ ਨੂੰ ਪੰਜ ਵੱਡੇ ਸ਼ਹਿਰਾਂ ਵਿੱਚ ਸਥਾਪਤ ਕੀਤਾ।[4]

ਦੂਜਾ ਸਮੂਹ, "ਲਬਨਾਨ" ਅਤੇ "ਵੱਡੇ ਸਮੁੰਦਰ" (ਭੂਮੱਧ ਸਾਗਰ) ਤੋਂ ਲੈ ਕੇ "ਫਰਾਤ ਦਰਿਆ" (ਕਰਕਮਿਸ਼, ਅਲੈਪੋ, ਹਮਾਥ ਅਤੇ ਹੋਰ ਇਹੋ ਜਿਹੇ ਕੇਂਦਰਾਂ ਵਿਚ) ਉੱਤਰੀ ਸੀਰੀਆ ਦੇ ਨਵੇਂ-ਹਿੱਤੀ ਸ਼ਹਿਰ-ਰਾਜਾਂ (ਪਾਤਸ਼ਾਹੀਆਂ) ਦੇ ਵੀ ਹਵਾਲੇ ਦਿੱਤੇ ਗਏ ਹਨ। ਯਹੋਸ਼ੁਆ ਦੀ ਪੁਸਤਕ ਇਸ ਇਲਾਕੇ ਦਾ "ਹਿੱਤੀਆਂ ਦਾ ਸਾਰਾ ਦੇਸ" (ਯਹੋਸ਼ੁਆ 1:4) ਵਜੋਂ ਹਵਾਲਾ ਦਿੰਦੀ ਹੈ। ਇਸ ਤਰ੍ਹਾਂ, ਇਹ ਪ੍ਰਤੀਤ ਹੁੰਦਾ ਹੈ ਕਿ ਹਿੱਤੀਆਂ ਦੇ ਰਾਜ ਦਾ ਇਹ ਕੇਂਦਰ ਮੂਲ ਐਨਾਟੋਲੀਅਨ ਰਾਜ ਵਿੱਚੋਂ ਨਿੱਕਲਿਆ ਸੀ ਅਤੇ ਕਨਾਨ ਦੇ ਦੇਸ ਵਿਚ ਉਨ੍ਹਾਂ ਦੀ ਮੌਜੂਦਗੀ ਦੀ ਤਸਦੀਕ 1650 ਈ.ਪੂ. ਵਿਚ ਮਗਿੱਦੋ ਵਿਚ ਮਿਲਣ ਵਾਲੇ ਕੁਝ ਹਿੱਤੀ ਘੜਿਆਂ ਤੋਂ ਹੁੰਦੀ ਹੈ। ਇਸ ਤੋਂ ਇਲਾਵਾ, ਪੁਰਾਤੱਤਵ-ਵਿਗਿਆਨੀਆਂ ਨੂੰ ਹੋਰਨਾਂ ਥਾਵਾਂ ਵਿੱਚੋਂ ਹਿੱਤੀ ਚਿੱਤਰਲੇਖ ਦੀਆਂ ਮੋਹਰਾਂ ਲੱਭੀਆਂ ਹਨ ਜਿਨ੍ਹਾਂ ਤੇ 1700 ਤੋਂ 1600 ਈ.ਪੂ. ਦੀ ਮਿਤੀ ਹੈ।[5]

ਮਿਸਰ ਵਿਚ ਟੈਲ ਏਲ-ਅਮਾਰਨਾ ਸੰਗ੍ਰਹਿ ਵਿੱਚੋਂ ਚੌਦਵੀਂ ਸਦੀ ਦੀ ਲਿਖਤ ਵਿੱਚੋਂ

ਯਰੂਸ਼ਲਮ ਦੇ ਰਾਜਾ ਅਬਦੁ-ਹੀਬਾ (ਜਾਂ ਅਬਦੀਹੀਬਾ) ਨੇ ਫ਼ਿਰਾਊਨ ਨੂੰ ਉਸ ਦੇ ਸ਼ਹਿਰ ਦੇ ਕੁਝ ਹਮਲਾਵਰਾਂ ਵਿਰੁੱਧ ਸੈਨਕ ਸਹਾਇਤਾ ਭੇਜਣ ਦੀ ਬੇਨਤੀ ਕੀਤੀ ਸੀ। ਰਾਜਾ ਦੇ ਨਾਮ ਦਾ ਪਹਿਲਾ ਹਿੱਸਾ "ਅਬਦੀ" "ਨੌਕਰ" ਦੇ ਲਈ ਇਕ ਯਹੂਦੀ ਸ਼ਬਦ ਹੈ ਅਤੇ "ਹੀਬਾ" ਹਿੱਤੀ ਜਾਂ ਹੂਰੀਅਨ ਦੇਵੀ ਸੀ।[6] ਇਸ ਤਰ੍ਹਾਂ, ਹਾਲਾਂਕਿ ਪੁਰਾਤੱਤਵ ਪ੍ਰਮਾਣ ਘੱਟ ਹੈ, ਉਪਰੋਕਤ ਕ੍ਰਿਤੀਆਂ (ਈ.ਪੂ. ਯੁੱਗ ਦੇ ਦੂਜੇ ਅੱਧ ਵਿੱਚ) ਕਨਾਨ ਵਿਚ ਕੁਝ ਹਿੱਤੀਆਂ ਦੀ ਮੌਜੂਦਗੀ ਦਾ ਸੁਝਾਅ ਦਿੰਦੀਆਂ ਹਨ ਜਿਹੜੇ ਸ਼ਾਇਦ ਅਨਾਟੋ-ਲੀਅਨ ਸੀਰੀਅਨ ਸਾਮਰਾਜ ਵਿੱਚੋਂ ਨਿੱਕਲੇ ਸਨ। ਫਿਰ ਵੀ, ਅਬਰਾਹਾਮ ਦੇ ਸਮੇਂ ਤੋਂ ਪਹਿਲਾਂ ਕੋਈ ਪ੍ਰਮਾਣ ਨਹੀਂ ਹੈ ਜੋ ਹਿੱਤੀਆਂ ਨੂੰ ਕਨਾਨ ਵਿੱਚ ਰੱਖਦਾ ਹੈ ਅਤੇ ਨਾ ਹੀ ਅਜਿਹਾ ਕੋਈ ਹੋਰ ਪ੍ਰਮਾਣ ਹੈ ਜੋ ਇਹ ਸੁਝਾਅ ਦਿੰਦਾ ਹੋਵੇ ਕਿ ਉਹ ਹਬਰੋਨ ਤੀਕ ਗਏ।

ਹਬਰੋਨ ਦੇ ਹਿੱਤੀਆਂ ਦੀ ਪਹਿਚਾਣ ਦੇ ਲਈ ਤੀਜੀ ਸੰਭਾਵਨਾ ਅਬਰਾਹਾਮ ਦੇ ਸਮੇਂ ਵਿੱਚ ਰਹਿ ਜਾਂਦੀ ਹੈ ਅਤੇ ਕੁਝ ਜਿਨ੍ਹਾਂ ਦੇ ਨਾਮ ਅੱਗੇ ਚੱਲ ਕੇ ਬਾਈਬਲ ਦੇ ਇਤਹਾਸ ਵਿੱਚ ਪਾਏ ਜਾਂਦੇ ਹਨ। ਇਨ੍ਹਾਂ ਆਰੰਭਕ ਹਿੱਤੀਆਂ ਨੂੰ "ਹੇਤ ਦੇ ਪੁੱਤ੍ਰ" ਕਿਹਾ ਗਿਆ ਸੀ ਅਤੇ "ਹਿੱਤੀ" ਅਤੇ "ਹੇਤੀ" ਨਾਮ ਇਬਰਾਨੀ ਵਿਅੰਜਨ ਵਿਚ ਇੱਕੋ ਜਿਹੇ ਹਨ[7]; ਇਸ ਲਈ, ਇਹ ਵੇਖਣਾ ਅਸਾਨ ਹੈ ਕਿ ਕਿਵੇਂ ਇਨ੍ਹਾਂ ਹੇਤੀਆਂ ਨੂੰ ਗਲਤੀ ਨਾਲ ਹਿੱਤੀ ਸਮਝਿਆ ਜਾ ਸਕਦਾ ਹੈ। ਵੰਸ਼ਾਵਲੀ ਵਿੱਚ ਹੇਥ ਦਾ ਕਨਾਨ ਦੀ ਅੰਸ ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ (10:15), ਜਿਵੇਂ ਕਿ ਯਬੂਸੀ, ਅਮੋਰੀ, ਹਿੱਵੀ ਅਤੇ ਹੋਰ ਕਨਾਨੀ ਲੋਕ ਸਨ (10:16-18)। ਉਨ੍ਹਾਂ ਦੀ ਹੋਰ ਦੇਸੀ ਕਨਾਨੀ ਸਮੂਹਾਂ ਨਾਲ ਸੰਬੰਧ ਪੱਕਾ ਪ੍ਰਤੀਤ ਹੁੰਦਾ ਹੈ ਕਿਉਂਕਿ ਬਾਈਬਲ ਦੇ ਬਿਰਤਾਂਤ ਵਿਚ ਜਿੰਨੇ ਹਿੱਤੀਆਂ ਦਾ ਨਾਮ ਦਿੱਤਾ ਗਿਆ ਹੈ ਸਾਰੇ ਦੇ ਸਾਰੇ ਨਾਮ ਯਹੂਦੀ ਪ੍ਰਤੀਤ ਹੁੰਦੇ ਹਨ, ਜਿਵੇਂ ਕਿ ਅਫਰੋਨ, ਸੋਹਰ ਅਤੇ ਊਰਿਯਾਹ।[8] ਇਸ ਤੋਂ ਇਲਾਵਾ, ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਅਬਰਾਹਾਮ ਨੂੰ ਉਨ੍ਹਾਂ ਦੇ ਨਾਲ ਗੱਲਬਾਤ ਕਰਨ ਵਿਚ ਕੋਈ ਮੁਸ਼ਕਲ ਨਹੀਂ ਸੀ ਹੋਈ। ਇਸ ਤੋਂ ਇਲਾਵਾ, ਬਾਅਦ ਵਿਚ ਜਦੋਂ ਹਿਜ਼ਕੀਏਲ ਨੇ ਯਰੂਸ਼ਲਮ ਦੇ ਸ਼ਹਿਰ ਦਾ ਹਵਾਲਾ ਦਿੱਤਾ ਸੀ, ਉਸ ਨੇ ਲਿਖਿਆ, "ਤੇਰੀ ਜਨਮ ਭੂਮੀ ਕਨਆਨ ਦੀ ਧਰਤੀ ਸੀ। ਤੇਰਾ ਪਿਤਾ ਅਮੂਰੀ ਸੀ ਅਤੇ ਤੇਰੀ ਮਾਤਾ ਹਿੱਤੀ ਸੀ" (ਹਿਜ਼ਕੀਏਲ 16:3)। ਇਸ ਨੇ ਸ਼ਾਇਦ ਉਨ੍ਹਾਂ ਦੇ ਭਾਰਤੀ-ਯੂਰਪੀ ਅਤੇ ਐਨਾਟੋਲੀਅਨ ਜੜ੍ਹਾਂ ਦੀ ਬਜਾਇ ਕਨਾਨੀ ਹਿੱਤੀ ਹੋਣ ਦੀ ਉਨ੍ਹਾਂ ਦੀ ਪ੍ਰਾਚੀਨ ਯਾਦ ਨੂੰ ਵੀ ਕਾਇਮ ਰੱਖਿਆ ਹੋਵੇਗਾ (10:15)।[9]

**ਆਇਤ 4.** ਅਬਰਾਹਾਮ ਨੇ ਨਿਮਰਤਾਪੂਰਵਕ ਇਹ ਮੰਨ ਲਿਆ ਸੀ ਕਿ ਉਹ ਉਨ੍ਹਾਂ ਦੇ ਵਿਚ ਇਕ **ਪਰਦੇਸੀ** (גֵּר, *ਗੈਰ,* ਵਿਦੇਸ਼ੀ) ਅਤੇ ਇਕ **ਪਰਾਹੁਣਾ** (תּוֹשָׁב, *ਥੋਸ਼ਬ,* "ਪ੍ਰਵਾਸੀ ਜਿਸ ਦੀ ਕੋਈ ਆਪਣੀ ਜ਼ਮੀਨ ਨਾ ਹੋਵੇ") ਸੀ।[10] ਇਸ ਦਾ ਅਰਥ ਇਹ ਸੀ ਕਿ ਉਸ ਨੂੰ ਉਨ੍ਹਾਂ ਦੀ ਕਿਸੇ ਜ਼ਮੀਨ ਨੂੰ ਸਥਾਈ ਤੌਰ ਤੇ ਆਪਣੀ ਮਿਲਖ ਕਰਨ ਦਾ ਕੋਈ ਕਾਨੂੰਨੀ ਹੱਕ ਨਹੀਂ ਸੀ। ਅਬਰਾਹਾਮ ਦੇ ਕਨਾਨ ਵਿਚ ਜ਼ਮੀਨ ਦੇ ਹੱਕਾਂ ਦੀ ਆਪਣੀ ਕਮੀ ਨੂੰ ਸਵੀਕਾਰ ਕਰਨ ਦੇ ਬਾਅਦ, ਉਸ ਦੀ ਇਹ ਬੇਨਤੀ ਕਿ ਹਿੱਤੀ ਸਾਰਾਹ ਦੇ ਲਈ **ਕਬਰਿਸਤਾਨ** ਨੂੰ ਉਸ ਦੀ **ਮਿਲਖ ਕਰ ਦੇਣ** (נָתַן, *ਨਾਥਨ)* ਅਜੀਬ ਪ੍ਰਤੀਤ ਹੁੰਦੀ ਹੈ। ਫਿਰ ਵੀ "ਦੇਣ" ਦੀ ਬਜਾਇ, ਨਾਥਨ ਸ਼ਬਦ ਦਾ ਅਰਥ "ਵੇਚਣਾ" ਹੋ ਸਕਦਾ ਹੈ ਅਤੇ ਇਹ 23:4, 9 ਵਿਚ ਸਹੀ ਅਰਥ ਹੈ, ਜਿਵੇਂ ਕਿ ਸੰਦਰਭ ਵਿਖਾਉਂਦਾ ਹੈ (NIV; NJPSV)। ਅਬਰਾਹਾਮ "ਕਬਰਿਸਤਾਨ ਦੇ ਲਈ ਜ਼ਮੀਨ [אֲחֻזָּה, *ਹੁਜ਼ਾਹ*]" ਖਰੀਦਣਾ ਚਾਹੁੰਦਾ ਸੀ (NKJV)।

**ਆਇਤਾਂ 5, 6.** ਹਾਲਾਂਕਿ **ਅਬਰਾਹਾਮ** ਨੇ ਆਪਣੇ ਆਪ ਦਾ ਇਕ ਪਰਦੇਸੀ ਅਤੇ ਪ੍ਰਵਾਸੀ ਦੇ ਰੂਪ ਵਿਚ ਵਰਣਨ ਕੀਤਾ ਸੀ ਜਿਸ ਦੇ ਕੋਲ ਆਪਣੀ ਕੋਈ ਜ਼ਮੀਨ ਨਹੀਂ ਸੀ, **ਹੇਤ ਦੇ ਪੁੱਤ੍ਰ** ਉਸ ਦੇ ਪ੍ਰਤੀ ਮਿੱਤਰਤਾਪੂਰਣ ਅਤੇ ਹਮਦਰਦੀ ਬਣਨਾ ਚਾਹੁੰਦੇ ਸਨ ਕਿਉਂਕਿ ਉਸ ਦੀ ਪਤਨੀ ਪਹਿਲਾਂ ਹੀ ਮਰ ਚੁੱਕੀ ਸੀ। ਉਨ੍ਹਾਂ ਨੇ ਪੁਰਖੇ ਨੂੰ ਇਕ ਆਮ ਪਰਦੇਸੀ ਜਾਂ ਪਰਾਹੁਣੇ ਵਜੋਂ ਨਹੀਂ ਸੀ ਵੇਖਿਆ ਜਿਸ ਦਾ ਉਹ ਅਸਾਨੀ ਨਾਲ ਫਾਇਦਾ ਉਠਾ ਸਕਦੇ। ਇਸ ਦੇ ਉਲਟ, ਉਨ੍ਹਾਂ ਨੇ ਉਸ ਦਾ ਬਹੁਤ ਜ਼ਿਆਦਾ ਆਦਰ ਕੀਤਾ; ਉਨ੍ਹਾਂ ਨੇ ਉਸ ਨੂੰ **ਪਰਮੇਸ਼ੁਰ ਦੇ ਸਜਾਦੇ** (נְשִׂיא אֱלֹהִים, *ਨਿਸੀ ਇਲੋਹਿਮ*)[11] ਦੇ ਰੂਪ ਵਿਚ ਵੇਖਿਆ। ਇਹ ਹਿੱਤੀ ਅਤੇ ਬਾਕੀ ਸਾਰੇ ਲੋਕ ਜਿਹੜੇ ਕਨਾਨ ਦੇ ਦੱਖਣੀ ਹਿੱਸੇ ਵਿਚ ਰਹਿੰਦੇ ਸਨ, ਅਬਰਾਹਾਮ ਨੂੰ ਇਕ ਸ਼ਕਤੀਸ਼ਾਲੀ ਅਤੇ ਖੁਸ਼ਹਾਲ ਗੁਆਂਢੀ ਦੇ ਰੂਪ ਵਿਚ ਜਾਣਦੇ ਸਨ। ਸ਼ਾਇਦ ਉਨ੍ਹਾਂ ਨੇ ਉਸ ਨੂੰ ਈਰਖਾ ਅਤੇ ਡਰ ਨਾਲ ਵੇਖਿਆ ਸੀ; ਕਿਉਂਕਿ ਅਬਰਾਹਾਮ ਉਨ੍ਹਾਂ ਵਿਚ ਬਹੁਤ ਸਾਰੀਆਂ ਭੇਡਾਂ-ਬੱਕਰੀਆਂ, ਇੱਜੜਾਂ ਅਤੇ ਸੈਂਕੜੇ ਪਾਲੀ-ਸੂਰਮਿਆਂ ਦੇ ਨਾਲ ਰਹਿੰਦਾ ਸੀ (ਵੇਖੋ 14:14)।

ਸ਼ਾਇਦ ਇਨ੍ਹਾਂ ਲੋਕਾਂ ਨੇ ਸੁਣਿਆ ਹੋਵੇਗਾ ਕਿ ਮਿਸਰ ਦਾ ਫ਼ਿਰਊਨ ਅਤੇ ਫਲਿਸਤੀਆਂ ਦਾ ਰਾਜਾ ਅਬਰਾਹਾਮ ਦੇ ਪਰਮੇਸ਼ੁਰ ਦਾ ਕਰੋਧ ਦਾ ਸ਼ਿਕਾਰ ਹੋਇਆ ਸੀ (12:10-20; 20:1-18)। ਇਸ ਤੋਂ ਇਲਾਵਾ, ਉਨ੍ਹਾਂ ਨੇ ਅਬਰਾਹਾਮ ਨੂੰ ਉਸ ਵਿਅਕਤੀ ਦੇ ਰੂਪ ਵਿਚ ਪਛਾਣਿਆ ਹੋਵੇਗਾ ਜਿਸ ਦਾ "ਯਹੋਵਾਹ ਅੱਤ ਮਹਾਂ ਪਰਮੇਸ਼ੁਰ, ਅਕਾਸ਼ ਅਰ ਧਰਤੀ ਦੇ ਮਾਲਕ" (14:22) ਨਾਲ ਇਕ ਖਾਸ ਰਿਸ਼ਤਾ ਸੀ। ਅਬੀਮਲਕ ਦੇ ਵਾਂਗ (21:22), ਹਿੱਤੀਆਂ ਨੇ ਵੀ ਮੰਨ ਲਿਆ ਸੀ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ ਬਹੁਤ ਜ਼ਿਆਦਾ ਬਰਕਤ ਦਿੱਤੀ ਸੀ ਅਤੇ ਉਸ ਨੂੰ ਸਫ਼ਲ ਬਣਾਇਆ ਸੀ। ਇਸ ਲਈ, ਉਨ੍ਹਾਂ ਨੇ ਉਸ ਨੂੰ ਆਪਣੀ ਪਤਨੀ ਦੀ ਲਾਸ਼ ਨੂੰ [ਉਨ੍ਹਾਂ ਦੀਆਂ] **ਸਭ ਤੋਂ ਚੰਗੀਆਂ ਕਬਰਾਂ** ਵਿਚ ਦਫਨਾਉਣ ਦੀ ਪ੍ਰੇਰਨਾ ਦਿੱਤੀ।

**ਆਇਤ 7.** ਜਦ ਕਿ ਹਿੱਤੀ ਇਸ ਸ਼ਕਤੀਸ਼ਾਲੀ ਪ੍ਰਵਾਸੀ ਨੂੰ ਉਸ ਦੀ ਪਤਨੀ ਨੂੰ ਉਨ੍ਹਾਂ ਦੀਆਂ ਕਬਰਾਂ ਵਿਚ ਦਫਨਾਉਣ ਦੇ ਲਈ ਰਾਜ਼ੀ ਹੋ ਗਏ ਸਨ, ਪਰ ਅਬਰਾਹਾਮ ਇਸ ਤਰ੍ਹਾਂ ਨਹੀਂ ਸੀ ਚਾਹੁੰਦਾ। ਇਸ ਲਈ, ਅਬਰਾਹਾਮ ਉੱਠਿਆ ਅਤੇ ਨਿਮਰਤਾਪੂਰਵਕ ਹਿੱਤੀਆਂ ਦੇ ਅੱਗੇ ਝੁਕਿਆ, ਜਿਹੜੇ ਕਿ **ਹੇਤ ਦੇ ਪੁੱਤ੍ਰ** [ਸੰਤਾਨ] ਸਨ। ਸ਼ਾਇਦ ਜ਼ਮੀਨ ਨੂੰ ਖਰੀਦਣ ਦੀ ਗੱਲਬਾਤ ਉਸ ਸਮੇਂ ਹੋਈ ਸੀ ਜਦੋਂ ਸਾਰੇ ਲੋਕ ਉੱਥੇ ਬੈਠੇ ਹੋਏ ਸਨ (23:10; ਰੂਥ 4:1-4)। ਕੁਝ ਜ਼ਮੀਨ ਖਰੀਦਣ ਦੇ ਲਈ ਸੌਦੇਬਾਜ਼ੀ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ, ਪੁਰਖੇ ਨੇ ਸ਼ਹਿਰ ਦੇ ਮੋਹਤਬਰਾਂ ਅੱਗੇ ਆਪਣੇ ਆਪ ਨੂੰ ਝੁਕਾ ਕੇ ਉਨ੍ਹਾਂ ਨੂੰ ਆਦਰ ਦਿੱਤਾ।

**ਆਇਤਾਂ 8, 9.** ਅਬਰਾਹਾਮ ਨੇ ਜਦੋਂ ਇਹ ਜਾਣ ਲਿਆ ਕਿ ਹਿੱਤੀ ਆਪਣੀਆਂ ਕਬਰਾਂ ਵਿੱਚੋਂ **ਕੁਝ ਥਾਂ** ਸਾਰਾਹ ਦੀ ਲਾਸ਼ ਨੂੰ **ਦਫਨਾਉਣ** ਦੇ ਲਈ ਦੇਣ ਨੂੰ ਤਿਆਰ ਸਨ ਤਾਂ ਉਸ ਨੇ ਗੱਲਬਾਤ ਸ਼ੁਰੂ ਕੀਤੀ। ਉਸ ਦੀ ਬੇਨਤੀ ਇਹ ਸੀ ਕਿ ਉਹ ਉਸ ਦੀ ਖਾਤਰ ਦਲਾਲ ਦੇ ਤੌਰ ਤੇ **ਸੋਹਰ ਦੇ ਪੁੱਤ੍ਰ ਅਫਰੋਨ** ਕੋਲ ਜਾ ਕੇ **ਮਕਫੇਲਾਹ ਦੀ ਗੁਫਾ**[12] ਵਾਲੀ ਜ਼ਮੀਨ ਦੇ ਬਾਰੇ ਗੱਲ ਕਰਨ ਜੋ ਕਿ **ਖੇਤ ਦੇ ਬੰਨੇ ਨਾਲ** ਸੀ ਜਿਹੜੀ ਅਬਰਾਹਾਮ ਖਰੀਦਣਾ ਚਾਹੁੰਦਾ ਸੀ। ਇਸ ਤਰੀਕੇ ਨਾਲ ਆਪਣਾ ਪ੍ਰਸਤਾਵ ਰੱਖ ਕੇ, ਪੁਰਖੇ ਨੇ ਅਸਿੱਧੇ ਤੌਰ ਤੇ ਜ਼ਮੀਨ ਦੇ ਮਾਲਕ ਦਾ ਸਾਹਮਣਾ ਕਰਨ ਵਾਲੀ ਪ੍ਰਾਚੀਨ ਮਸੋਪਤਾਮੀਆ ਦੀ ਰੀਤ ਦਾ ਪਾਲਣ ਕੀਤਾ।

ਅਬਰਾਹਾਮ ਨੇ ਗੁਫਾ ਦਾ **ਕਬਰਿਸਤਾਨ** ਦੇ ਰੂਪ ਵਿਚ **ਪੂਰਾ ਮੁੱਲ** ਦੇਣ ਦੀ ਪੇਸ਼ਕਸ਼ ਕੀਤੀ। ਉਹ ਸਾਰੇ ਖੇਤ ਦੇ ਲਈ ਪੂਰਾ ਮੁੱਲ ਕਿਉਂ ਦੇਣ ਨੂੰ ਤਿਆਰ ਸੀ, ਜੇਕਰ ਉਹ ਸਿਰਫ ਗੁਫਾ ਨੂੰ

ਖਰੀਦਣਾ ਚਾਹੁੰਦਾ ਸੀ? ਹਿੱਤੀ ਕਾਨੂੰਨ ਨੇ ਸ਼ਾਇਦ 23:8-16 ਵਿਚ ਮਾਲਕ ਅਫਰੋਨ ਅਤੇ ਅਬਰਾਹਾਮ ਵਿਚਕਾਰ ਸੌਦਾਬਾਜੀਆਂ ਨੂੰ ਪ੍ਰਭਾਵਿਤ ਕੀਤਾ ਸੀ। ਆਰੰਭਕ ਹਿੱਤੀ ਕਾਨੂੰਨ[13] ਨੇ ਜ਼ਮੀਨ ਦੇ ਮਾਲਕ ਨੂੰ ਉਸ ਸ਼ਹਿਰ ਜਾਂ ਇਲਾਕੇ ਦੇ ਹਾਕਮਾਂ ਨੂੰ ਜਿੱਥੇ ਉਹ ਰਹਿੰਦਾ ਸੀ ਜ਼ਮੀਨੀ ਸੇਵਾਵਾਂ ਨੂੰ ਪੂਰਾ ਕਰਨ ਦੇ ਲਈ ਮਜਬੂਰ ਕਰ ਦਿੱਤਾ ਸੀ। ਇਹੋ ਜਿਹੀ ਸੇਵਾ ਵਿਚ ਟੈਕਸ ਦਾ ਭੁਗਤਾਨ ਅਤੇ ਹਮਲੇ ਦੀ ਸਥਿਤੀ ਵਿਚ, ਉਸ ਦੇ ਦਲ ਵਿਚ ਮਨੁੱਖ ਦੁਆਰਾ ਸੰਭਵ ਸੈਨਕ ਸੇਵਾ ਸ਼ਾਮਲ ਹੁੰਦੀ ਹੋਵੇਗੀ।[14] ਅਬਰਾਹਾਮ ਭਵਿੱਖ ਵਿੱਚ ਆਉਣ ਵਾਲੀਆਂ ਆਪਣੀਆਂ ਪੀੜ੍ਹੀਆਂ ਦੇ ਲਈ ਗੁਫਾ ਵਾਲੀ ਥਾਂ ਨੂੰ ਕਬਰਿਸਤਾਨ ਵਜੋਂ ਚਾਹੁੰਦਾ ਸੀ ਅਤੇ ਅਫਰੋਨ ਜ਼ਮੀਨੀ ਸਾਮੰਤੀ ਸੇਵਾਵਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਤੋਂ ਬਚਣ ਦੇ ਲਈ ਪੂਰੀ ਜ਼ਮੀਨ ਵੇਚਣਾ ਚਾਹੁੰਦਾ ਸੀ।

ਕੁਝ ਲੋਕ ਸੋਚਦੇ ਹਨ ਕਿ ਇਹ ਹਿੱਤੀ ਕਾਨੂੰਨ ਹੇਠ ਲਿਖੇ ਕਾਰਣਾਂ ਕਰਕੇ ਅਬਰਾਹਾਮ ਤੇ ਲਾਗੂ ਨਹੀਂ ਹੁੰਦਾ ਹੋਵੇਗਾ: (1) ਹਿੱਤੀ ਕਾਨੂੰਨ ਅਬਰਾਹਾਮ ਦੇ ਸਮੇਂ ਤੋਂ ਦੋ ਕੁ ਸਦੀਆ ਬਾਅਦ ਬਣਿਆ ਸੀ, ਇਸ ਲਈ ਅਸੀਂ ਇਹ ਨਹੀਂ ਜਾਣਦੇ ਕਿ ਪੁਰਖੇ ਦੇ ਜੀਵਨਕਾਲ ਦੌਰਾਨ ਇਹੋ ਜਿਹਾ ਕਾਨੂੰਨ ਲਾਗੂ ਹੁੰਦਾ ਸੀ ਜਾਂ ਨਹੀਂ। (2) ਭਾਵੇਂ ਕਿ ਇਹ ਕਾਨੂੰਨ ਅਬਰਾਹਾਮ ਦੇ ਸਮੇਂ ਦੌਰਾਨ ਲਾਗੂ ਹੁੰਦਾ ਹੋਵੇ, ਅਸੀਂ ਇਸ ਬਾਰੇ ਨਿਸ਼ਚਤ ਨਹੀਂ ਹਾਂ ਕਿ ਹਬਰੋਨ ਵਿਚ ਇਸ ਦਾ ਪਾਲਣ ਕੀਤਾ ਜਾਂਦਾ ਸੀ ਜਾਂ ਨਹੀਂ। (3) ਇਸ ਦਾ ਕੋਈ ਪ੍ਰਮਾਣ ਨਹੀਂ ਹੈ ਕਿ ਹਬਰੋਨ ਦੇ ਯਹੂਦੀ ਹਿੱਤੀਆਂ (ਹੇਤੀਆਂ) ਦਾ ਏਸ਼ੀਆ-ਮਾਇਨਰ ਦੇ ਭਾਰਤੀ-ਯੂਰਪੀ ਹਿੱਤੀਆਂ ਨਾਲ ਕੋਈ ਨਸਲੀ ਸੰਬੰਧ ਹੈਗਾ ਸੀ ਜਾਂ ਨਹੀਂ; ਜਾਂ, ਜੇਕਰ ਕੋਈ ਨਸਲੀ ਸੰਬੰਧ ਹੈਗਾ ਸੀ, ਕੋਈ ਵੀ ਗੱਲ ਇਹ ਸੁਝਾਅ ਨਹੀਂ ਦਿੰਦੀ ਕਿ ਉਹ ਦੱਖਣੀ ਕਨਾਨ ਵਿਚ ਇਸ ਕਾਨੂੰਨ ਦੀ ਪਾਲਣਾ ਕਰਦੇ ਸਨ।

**ਆਇਤਾਂ 10, 11. ਅਫਰੋਨ ਹੇਤ ਦੇ ਪੁੱਤ੍ਰਾਂ ਦੇ ਵਿਚਕਾਰ ਬੈਠਾ ਹੋਇਆ ਸੀ** ਅਤੇ ਉਸ ਨੇ ਉਹ ਸਭ ਕੁਝ ਚੋਰੀ ਛੁਪੇ ਸੁਣ ਲਿਆ ਸੀ। ਉਸ ਨੇ ਅਜਿਹੇ ਤਰੀਕੇ ਨਾਲ **ਅਬਰਾਹਾਮ ਨੂੰ ਉੱਤਰ ਦਿੱਤਾ** ਕਿ **ਹੇਤ ਦੇ ਪੁੱਤ੍ਰ** ਜਿਹੜੇ ਨਗਰ ਦੇ ਫਾਟਕ ਤੇ ਸਨ ਉਨ੍ਹਾਂ ਨੇ ਇਹ ਸੁਣ ਲਿਆ। ਪਹਿਲੀ ਗੱਲ ਇਹ ਹੈ ਕਿ ਉਸ ਨੇ ਅਬਰਾਹਾਮ ਦੀ ਇਸ ਪੇਸ਼ਕਸ਼ ਦਾ ਬੜੇ ਹੀ ਨਰਮ ਜਵਾਬ ਨਾਲ ਵਿਰੋਧ ਕੀਤਾ: **ਨਹੀਂ ਮੇਰੇ ਪ੍ਰਭੂ ਜੀ ... ਮੈਂ ਏਹ ਖੇਤ ਤੁਹਾਨੂੰ ਦਿੰਦਾ ਹਾਂ ਅਰ ਏਹ ਗੁਫਾ ਭੀ ਜਿਹੜੀ ਉਹ ਦੇ ਵਿੱਚ ਹੈ**। ਫਿਰ ਉਸ ਨੇ ਇਹ ਕਹਿੰਦੇ ਹੋਏ ਆਪਣੀ ਗੱਲ ਨੂੰ ਦੁਹਰਾਇਆ, **ਮੈਂ ਇਹ ਤੁਹਾਨੂੰ ਦਿੰਦਾ ਹਾਂ। ਆਪਣੇ ਮੁਰਦੇ ਨੂੰ** [ਉੱਥੇ] **ਦੱਬ ਦਿਓ**। ਅਫਰੋਨ ਨੇ ਤਿੰਨ ਵਾਰ ਕਿਹਾ ਕਿ ਮੈਂ ਉਹ ਜ਼ਮੀਨ ਅਤੇ ਗੁਫਾ ਇਸ ਧਨੀ ਅਤੇ ਸ਼ਕਤੀਸ਼ਾਲੀ ਪ੍ਰਵਾਸੀ ਨੂੰ "ਦਿੰਦਾ" ਹਾਂ। ਇੱਥੇ *ਨਾਥਨ* ("ਦੇਣਾ") ਕਿਰਿਆ ਦੀ ਅਫਰੋਨ ਦੁਆਰਾ ਤਿੰਨ ਵਾਰ ਵਰਤੋਂ 9 ਅਤੇ 13 ਆਇਤਾਂ ਵਿਚ *ਨਾਥਨ* ("ਵੇਚਣਾ" ਜਾਂ "ਮੁੱਲ ਅਦਾ ਕਰਨਾ"; NIV) ਕਿਰਿਆ ਦੀ ਅਬਰਾਹਾਮ ਦੁਆਰਾ ਤਿੰਨ ਵਾਰ ਵਰਤੋਂ ਨਾਲ ਮੇਲ ਖਾਂਦੀ ਹੈ।

**ਆਇਤ 12.** ਫੇਰ, **ਅਬਰਾਹਾਮ ਉਸ ਦੇਸ ਦੇ ਲੋਕਾਂ ਦੇ ਸਨਮੁਖ ਝੁਕਿਆ** (ਵੇਖੋ 23:7)। ਉਸ ਨੇ ਆਪਣੀ ਪਤਨੀ ਨੂੰ ਦਫਨਾਉਣ ਦੇ ਲਈ ਅਫਰੋਨ ਦੁਆਰਾ ਜ਼ਮੀਨ ਵੇਚਣ ਦੀ ਇੱਛਾ ਦੇ ਲਈ ਧੰਨਵਾਦ ਪਰਗਟ ਕੀਤਾ। ਉਹ ਉਨ੍ਹਾਂ ਦੇ "ਸਨਮੁਖ ਝੁਕਿਆ" ਜਦੋਂ ਉਸ ਨੇ ਉਨ੍ਹਾਂ ਦੇ ਇਸ ਰਵੱਈਏ ਦੇ ਲਈ ਉਨ੍ਹਾਂ ਨੂੰ ਆਦਰ ਅਤੇ ਧੰਨਵਾਦ ਪਰਗਟ ਕੀਤਾ।

**ਆਇਤ 13.** ਪੁਰਖੇ ਨੇ ਬੇਨਤੀ ਕਰਦਿਆਂ ਉਸ **ਦੇਸ ਦੇ ਲੋਕਾਂ ਦੇ ਸੁਣਦੇ ਹੋਏ ਅਫਰੋਨ ਨੂੰ ਆਖਿਆ, ਜੇਕਰ ਤੂੰ ਇਸ ਵਿੱਚ ਮੇਰੀ ਸੁਣਦਾ ਹੈਂ ਤਾਂ ਮੈਂ ਉਸ ਖੇਤ ਲਈ ਚਾਂਦੀ ਦਿੰਦਾ** ["ਮੁੱਲ ਅਦਾ ਕਰਦਾ"; NIV] **ਹਾਂ**। ਅਬਰਾਹਾਮ ਹੁਣ ਸਮਝ ਗਿਆ ਸੀ ਕਿ ਆਪਣੇ ਪਰਿਵਾਰ ਦੇ ਲਈ

ਇਕ ਪੱਕਾ ਕਬਰਿਸਤਾਨ ਸੁਰੱਖਿਅਤ ਕਰਨ ਦੇ ਲਈ ਉਸ ਦੀ ਇਕਲੌਤੀ ਆਸ ਗਵਾਹਾਂ ਦੀ ਮੌਜੂਦਗੀ ਵਿਚ ਪੂਰੇ ਖੇਤ ਨੂੰ ਖਰੀਦਣ ਦੇ ਲਈ ਇਕ ਰਸਮੀ ਸਮਝੌਤੇ ਵਿਚ ਦਾਖਲ ਹੋਣਾ ਸੀ। ਇਸ ਲਈ, ਉਸ ਨੇ ਅਫਰੋਨ ਨੂੰ ਇਹ ਪੇਸ਼ਕਸ਼ ਸਵੀਕਾਰ ਕਰਨ ਦੀ ਬੇਨਤੀ ਕੀਤੀ ਸੀ। ਉਸ ਦਾ ਮੰਨਣਾ ਸੀ ਕਿ ਇਸ ਸਮਝੌਤੇ ਨੂੰ ਪੂਰਾ ਕਰਨ ਦੇ ਲਈ ਉਸ ਦੀ ਜਿੱਦ ਜ਼ਰੂਰੀ ਸੀ।

**ਆਇਤਾਂ 14, 15.** ਅੰਤ ਵਿੱਚ, **ਅਫਰੋਨ** ਖੁਦ **ਅਬਰਾਹਾਮ** ਨੂੰ ਉੱਤਰ ਦੇਣ ਦੇ ਲਈ ਮਜਬੂਰ ਹੋ ਗਿਆ। ਉਸ ਨੇ ਆਪਣੀ **ਜ਼ਮੀਨ** ਦਾ ਮੁੱਲ **ਚਾਰ ਸੌ ਚਾਂਦੀ ਦੇ ਰੁਪਇਏ** ਤੈਅ ਕੀਤਾ। ਬਜ਼ਾਰ ਵਿਚ ਜ਼ਮੀਨ ਦਾ ਜੋ ਮੁੱਲ ਸੀ ਉਸ ਦੇ ਅਨੁਸਾਰ ਜੋ ਇਹ ਮੁੱਲ ਮੰਗਿਆ ਗਿਆ ਸੀ ਉਸ ਦਾ ਨਿਸ਼ਚਤਤਾ ਨਾਲ ਮੁੱਲਾਂਕਣ ਕਰਨਾ ਅਸੰਭਵ ਹੈ ਕਿਉਂਕਿ ਇਸ ਸਮੇਂ ਕਨਾਨ ਦੇ ਲਈ ਚਾਂਦੀ ਦੇ ਰੁਪਇਆ[15] ਅਗਿਆਤ ਸੀ। ਇਸ ਤੋਂ ਇਲਾਵਾ, ਲਿਖਤ ਖੇਤ ਦੇ ਆਕਾਰ ਦਾ ਕੋਈ ਸੰਕੇਤ ਨਹੀਂ ਦਿੰਦੀ ਜਿਸ ਦੇ ਵਿਚ ਗੁਫਾ ਵੀ ਸ਼ਾਮਲ ਸੀ। ਸੀਰੀਆ ਦੇ ਉੱਤਰੀ ਤੱਟ ਤੇ, ਯੁਗਾਰਿਟ ਦੇ ਵੱਲੋਂ ਤਿੰਨ ਪ੍ਰਾਚੀਨ ਲਿਖਤਾਂ (ਚੌਦਵੀਂ ਤੋਂ ਤੇਰ੍ਹਵੀਂ ਸਦੀ ਈ.ਪੂ.) ਹਨ ਜੋ ਚਾਂਦੀ ਦੇ ਚਾਰ ਸੌ ਰੁਪਇਆਂ ਦੇ ਮੁੱਲ ਤੇ ਅਚੱਲ ਸੰਪਤੀ ਦਾ ਹਵਾਲਾ ਦਿੰਦੀਆਂ ਹਨ।[16] ਫਿਰ ਵੀ, ਇਹ ਸੰਪਤੀਆਂ ਜ਼ਮੀਨ ਦੇ ਉਸ ਹਿੱਸੇ ਤੋਂ ਬਹੁਤ ਜ਼ਿਆਦਾ ਵੱਡੀਆਂ ਹੋ ਸਕਦੀਆਂ ਹਨ ਜੋ ਅਬਰਾਹਾਮ ਨੇ ਖਰੀਦਿਆ ਸੀ।

ਪੁਰਾਣੇ ਨੇਮ ਵਿਚ ਕਈ ਅਚੱਲ ਸੰਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਯਾਕੂਬ ਨੇ "ਚਾਂਦੀ ਦੇ ਇੱਕ ਸੌ ਟਕੇ ਨਾਲ" ਹਮੋਰ ਦੇ ਪੁੱਤ੍ਰਾਂ ਦੇ ਹੱਥੋਂ ਪੈਲੀ ਦਾ ਖੱਤਾ ਮੁੱਲ ਲਿਆ ਸੀ (33:19)। ਇਸ ਉਦਾਹਰਣ ਨਾਲ ਤੁਲਨਾ ਕਰਨ ਵਿੱਚ ਦਿੱਕਤ ਇਹ ਹੈ ਕਿ ਭਾਰ ਦੀ ਇਕਾਈ ਅਨਿਸ਼ਚਤ ਹੈ; ਹੋ ਸਕਦਾ ਹੈ ਕਿ ਇਹ ਚਾਂਦੀ ਦੇ ਇਕ ਰੁਪਏ ਨਾਲੋਂ ਘੱਟ ਜਾਂ ਵੱਧ ਹੋਵੇ। ਦਾਊਦ ਨੇ ਸੋਨੇ ਦੇ ਛੇ ਸੌ ਰੁਪਏ ਦੇ ਕੇ ਹੈਕਲ ਦੀ ਥਾਂ ਖਰੀਦੀ ਸੀ (1 ਇਤਹਾਸ 21:25), ਹਾਲਾਂਕਿ ਉਸ ਨੇ ਅਰਵਨਾਹ ਦਾ ਪਿੜ ਖਰੀਦਣ ਦੇ ਲਈ ਚਾਂਦੀ ਦੇ ਸਿਰਫ ਪੰਜਾਹ ਰੁਪਏ ਦਿੱਤੇ ਸਨ (2 ਸਮੂਏਲ 24:24)। ਆਮਰੀ ਨੇ ਦੋ ਤੋੜੇ ਚਾਂਦੀ ਦੇ ਕੇ ਸਾਮਰਿਯਾ ਦਾ ਪਰਬਤ ਖਰੀਦਿਆ ਸੀ (1 ਰਾਜਿਆਂ 16:24)। ਇਨ੍ਹਾਂ ਮਾਮਲਿਆਂ ਵਿੱਚ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਾਇਦਾਦ ਦਾ ਆਕਾਰ (ਪਿੜ ਨੂੰ ਛੱਡ ਕੇ) ਉਸ ਨਾਲੋਂ ਕਿਤੇ ਜ਼ਿਆਦਾ ਵੱਡਾ ਸੀ ਜੋ ਅਬਰਾਹਾਮ ਨੇ ਖਰੀਦੀ ਸੀ। ਬਾਅਦ ਵਿੱਚ, ਮੰਦੀ ਦੇ ਸਮੇਂ ਦੌਰਾਨ, ਯਿਰਮਿਯਾਹ ਨੇ ਸਿਰਫ ਸਤਾਰਾਂ ਰੁਪਏ ਚਾਂਦੀ ਵਿਚ ਅਨਾਥੋਥ ਦਾ ਖੇਤ ਖਰੀਦਿਆ ਸੀ (ਯਿਰਮਿਯਾਹ 32:9)।

ਇਹ ਤੁਲਨਾਵਾਂ ਇਹ ਸੁਝਾਅ ਦੇ ਸਕਦੀਆਂ ਹਨ ਕਿ ਅਫਰੋਨ ਨੇ ਜੋ ਮੁੱਲ ਮੰਗਿਆ ਸੀ ਉਹ ਬਹੁਤ ਜ਼ਿਆਦਾ ਸੀ। ਫਿਰ ਵੀ, ਅਫਰੋਨ ਨੇ ਇਸ ਤਰ੍ਹਾਂ ਵਰਾਤਾਓ ਕੀਤਾ ਜਿਵੇਂ ਕਿ ਚਾਰ ਸੌ ਰੁਪਏ ਕੋਈ ਨਿੱਕੀ ਮੋਟੀ ਰਕਮ ਹੋਵੇ: **ਏਹ ਸਾਡੇ ਵਿੱਚ ਕੀ ਹੈ? ਆਪਣੇ ਮੁਰਦੇ ਨੂੰ ਦੱਬ ਦਿਓ**। ਅਫਰੋਨ ਕਹਿ ਰਿਹਾ ਸੀ, "ਅਸੀਂ ਦੋਵੇਂ ਬਹੁਤ ਅਮੀਰ ਹਾਂ, ਇਹ ਮੁੱਲ ਸਾਡੇ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ; ਅੱਗੇ ਵੱਧ ਅਤੇ ਆਪਣੀ ਪਤਨੀ ਨੂੰ ਦੱਬ।"

**ਆਇਤ 16.** ਚਾਂਦੀ ਦੀ ਰਕਮ ਦਾ ਮੁੱਲ ਜੋ **ਅਫਰੋਨ** ਨੇ ਜ਼ਮੀਨ ਦੇ ਲਈ ਮੰਗਿਆ ਸੀ ਵਾਜਬ ਸੀ ਜਾਂ ਨਹੀਂ, **ਅਬਰਾਹਾਮ** ਨੇ ਨਾ ਹੀ ਇਸ ਮੁੱਲ ਬਾਰੇ ਉਸ ਨਾਲ ਕੋਈ ਸੌਦੇਬਾਜ਼ੀ ਅਤੇ ਨਾ ਹੀ ਉਸ ਨੂੰ ਮੁੱਲ ਘੱਟ ਕਰਨ ਦੇ ਲਈ ਮਨਾਉਣ ਦੀ ਕੋਈ ਕੋਸ਼ਿਸ਼ ਕੀਤੀ। ਲਿਖਤ ਕਹਿੰਦੀ ਹੈ ਕਿ ਉਸ ਨੇ **ਅਫਰੋਨ ਦੀ ਸੁਣੀ** ਅਤੇ **ਇਹ ਚਾਂਦੀ ਦਾ ਚਾਰ ਸੌ ਰੁਪਇਆ** (ਉਸ ਦੇ ਲਈ) **ਤੋਲ ਦਿੱਤਾ**। ਇਹ ਉਸ ਦੀ ਖਰੀਦਦਾਰੀ ਨੂੰ ਕਾਨੂੰਨੀ ਬਣਾਉਣ ਦੇ ਲਈ **ਹੇਤ ਦੇ ਪੁੱਤ੍ਰਾਂ ਦੀ ਸੁਣਵਾਈ**

**ਵਿਚ** ਹੋਇਆ ਸੀ। ਕਿਉਂਕਿ ਇਹ ਸਭ ਕੁਝ ਲੋਕਾਂ ਦੇ ਵਿਚ ਹੋਇਆ ਅਤੇ ਕਿਉਂਕਿ ਚਾਂਦੀ ਉਸ ਅਨੁਸਾਰ ਤੋਲੀ ਜਾਂਦੀ ਸੀ ਜੋ **ਬਪਾਰੀਆਂ ਵਿੱਚ ਚਲਤ ਸੀ**, ਜ਼ਮੀਨ ਦੀ ਮਾਲਕੀ ਨੂੰ ਲੈ ਕੇ ਭਵਿੱਖ ਵਿਚ ਇਸ ਦੇ ਬਾਰੇ ਕਿਸੇ ਤਰ੍ਹਾਂ ਦਾ ਕੋਈ ਝਗੜਾ ਨਹੀਂ ਸੀ ਹੋ ਸਕਦਾ।

ਮਸੋਪੋਤਾਮੀਆ ਵਿਚ ਤੱਕੜੀਆਂ ਅਤੇ ਤੋਲ ਵੱਖ-ਵੱਖ ਤਰ੍ਹਾਂ ਦੇ ਹੁੰਦੇ ਸਨ, ਇਸ ਲਈ ਇਕ ਸਹੀ ਤੋਲ ਦੀ ਲੋੜ ਸੀ ਜੋ ਦੋਹਾਂ ਧਿਰਾਂ ਦੇ ਲਈ ਉਚਿਤ ਹੋਵੇ। ਇਸ ਲਈ, ਅਬਰਾਹਾਮ ਨੇ "ਉਸ ਤੱਕੜੀ ਦਾ ਇਸਤੇਮਾਲ ਕੀਤਾ ਜੋ ਮੌਜੂਦਾ ਸਮੇਂ ਵਿਚ ਬੁਪਾਰੀਆਂ ਵਿਚ ਚਲਤ ਸੀ" (NRSV; ESV)। ਐਲਫਰੈਡ ਜੇ. ਹੋਰਥ ਨੇ ਸੁਝਾਅ ਦਿੱਤਾ ਸੀ ਕਿ ਪੁਰਖੇ ਨੇ ਨਗਰ ਦੇ ਫਾਟਕ ਦੇ ਅੰਦਰ ਜੋ ਬਜ਼ਾਰ ਸੀ ਉੱਥੇ ਤੱਕੜੀ ਉਧਾਰੀ ਲਈ ਅਤੇ ਉਹ ਚਾਰ ਸੌ ਚਾਂਦੀ ਦੇ ਰੁਪਇਆਂ ਦਾ ਭਾਰ ਲਗਭਗ ਦਸ ਪਾਊਂਡ ਸੀ। ਅੱਗੇ ਉਸ ਨੇ ਇਹ ਅਨੁਮਾਨ ਲਗਾਇਆ ਕਿ ਅਬਰਾਹਾਮ ਦੇ ਲਈ ਇੰਨੀ ਜ਼ਿਆਦਾ ਚਾਂਦੀ ਨੂੰ ਚੁੱਕ ਕੇ ਫਾਟਕ ਦੇ ਕੋਲ ਲੈ ਕੇ ਜਾਣਾ ਅਨੋਖੀ ਗੱਲ ਹੋਵੇਗੀ, ਕਿਉਂਕਿ ਉਹ ਥੋੜ੍ਹੀ ਜਿਹੀ ਜਾਇਦਾਦ ਖਰੀਦਣਾ ਚਾਹੁੰਦਾ ਸੀ।[17]

## ਸਾਰਾਹ ਨੂੰ ਮਕਫੇਲਾਹ ਦੇ ਖੇਤ ਦੀ ਗੁਫਾ ਵਿੱਚ ਦਫਨਾਇਆ ਜਾਣਾ (23:17-20)

**[17]ਐਉਂ ਮਕਫੇਲਾਹ ਵਾਲਾ ਅਫਰੋਨ ਦਾ ਖੇਤ ਜਿਹੜਾ ਮਰਮੇ ਦੇ ਸਾਹਮਣੇ ਹੈ ਅਤੇ ਖੇਤ ਦੇ ਵਿੱਚ ਦੀ ਗੁਫਾ ਅਰ ਸਾਰੇ ਬਿਰਛ ਜਿਹੜੇ ਖੇਤ ਵਿੱਚ ਸਨ ਅਤੇ ਉਸ ਖੇਤ ਦੇ ਬੰਨਿਆਂ ਦੇ ਉੱਤੇ ਸਨ। [18]ਹਿੱਤੀਆਂ ਦੇ ਅਤੇ ਉਨ੍ਹਾਂ ਸਾਰਿਆਂ ਦੇ ਸਨਮੁਖ ਜਿਹੜੇ ਉਸ ਨਗਰ ਦੇ ਫਾਟਕ ਵਿੱਚੋਂ ਦੀ ਲੰਘਦੇ ਸਨ ਅਬਰਾਹਾਮ ਦੀ ਮਿਲਖ ਹੋ ਗਈ। [19]ਏਸ ਦੇ ਮਗਰੋਂ ਅਬਰਾਹਾਮ ਨੇ ਆਪਣੀ ਪਤਨੀ ਸਾਰਾਹ ਨੂੰ ਮਕਫੇਲਾ ਦੇ ਖੇਤ ਦੀ ਗੁਫਾ ਵਿੱਚ ਜਿਹੜੀ ਮਮਰੇ ਦੇ ਸਾਹਮਣੇ ਹੈ ਅਰਥਾਤ ਕਨਾਨ ਦੇਸ ਦੇ ਹਬਰੋਨ ਵਿੱਚ ਦੱਬ ਦਿੱਤਾ। [20]ਐਉਂ ਉਹ ਖੇਤ ਅਤੇ ਉਹ ਦੇ ਵਿਚਲੀ ਗੁਫਾ ਹੇਤ ਦੇ ਪੁੱਤ੍ਰਾਂ ਤੋਂ ਕਬਰਿਸਤਾਨ ਲਈ ਅਬਰਾਹਾਮ ਦੀ ਮਿਲਖ ਹੋ ਗਈ।**

**ਆਇਤਾਂ 17, 18.** ਇਸ ਦੇ ਕਾਨੂੰਨੀ ਅਤੇ ਸਥਾਈ ਸੁਭਾਅ ਦੀ ਪੁਸ਼ਟੀ ਕਰਨ ਦੇ ਲਈ ਜ਼ਮੀਨ ਦੇ ਖਰੀਦਣ ਬਾਰੇ ਵਿਸਤਾਰ ਨਾਲ ਖੁਲਾਸਾ ਕੀਤਾ ਗਿਆ ਹੈ। ਇਹ **ਮਕਫੇਲਾਹ ਵਾਲਾ ਅਫਰੋਨ ਦਾ ਖੇਤ** ਸੀ ਜਿਹੜਾ **ਮਰਮੇ ਦੇ ਸਾਹਮਣੇ ਸੀ ਅਤੇ ਇਸ ਖੇਤ ਦੇ ਵਿੱਚ ਦੀ ਗੁਫਾ ਅਰ ਸਾਰੇ ਬਿਰਛ ਜਿਹੜੇ ਖੇਤ ਵਿੱਚ ਸਨ ਅਤੇ ਉਸ ਖੇਤ ਦੇ ਬੰਨਿਆਂ ਦੇ ਉੱਤੇ ਸਨ।**[18] ਇਹ ਸਾਰੀਆਂ ਚੀਜ਼ਾਂ ਜਿਨ੍ਹਾਂ ਦੇ ਬਾਰੇ ਇਕ-ਇਕ ਕਰਕੇ ਦੱਸਿਆ ਗਿਆ ਹੈ **ਅਬਰਾਹਾਮ ਦੀ ਮਿਲਖ** ਹੋ ਗਈਆਂ ਅਤੇ ਇਹ ਸਭ ਕੁਝ ਹੇਤ ਦੇ ਪੁੱਤ੍ਰਾਂ ਦੇ ਸਨਮੁਖ ਕੀਤਾ ਗਿਆ ਸੀ, ਜਿਹੜੇ ਉਸ **ਨਗਰ ਦੇ ਫਾਟਕ** ਕੋਲ ਇਸ ਦੇ ਗਵਾਹ ਸਨ। "ਮਿਲਖ ਹੋ ਗਈ" ਅਨੁਵਾਦ, ਜਿਹੜਾ 17 ਅਤੇ 20 ਵਿਚ ਆਉਂਦਾ ਹੈ, ਉਸ ਦਾ ਅਰਥ ਇਹ ਹੈ ਕਿ ਇਸ ਲੈਣ-ਦੇਣ ਵਿਚ ਇਕ ਲਿਖਤ ਦਸਤਾਵੇਜ਼ ਸ਼ਾਮਲ ਸੀ। ਫਿਰ ਵੀ, ਇਬਰਾਨੀ ਕਿਰਿਆ קוּם (*ਕੁਮ*) ਦਾ ਅਰਥ "ਨੂੰ ਸੌਂਪਿਆ ਗਿਆ" (NRSV; NJPSV) ਜਾਂ "ਨਾਵੇਂ ਕਰ ਦਿੱਤਾ ਗਿਆ" (NLT) ਹੋ ਸਕਦਾ ਹੈ।[19] ਗੱਲ ਭਾਵੇਂ ਕੋਈ ਵੀ ਹੋਵੇ, ਇਸ ਇਕਰਾਰਨਾਮੇ ਨੇ ਪੁਰਖੇ ਅਤੇ ਉਸ ਦੇ ਵਾਰਿਸਾਂ ਨੂੰ ਮਕਫੇਲਾਹ ਦੇ ਖੇਤ ਅਤੇ ਸਾਰੇ ਬਿਰਛ ਜਿਹੜੇ ਖੇਤ ਵਿੱਚ ਸਨ ਉਨ੍ਹਾਂ ਦਾ ਕਾਨੂੰਨੀ ਹੱਕ ਦੇ ਦਿੱਤਾ ਅਤੇ ਇਹ ਵਾਅਦੇ ਦੀ ਧਰਤੀ ਦਾ ਪਹਿਲਾ ਟੁਕੜਾ ਸੀ ਜਿਸ ਨੂੰ ਅਸਲ ਵਿਚ ਅਬਰਾਹਾਮ ਉਸ ਦਾ ਆਪਣਾ ਕਹਿ ਸਕਦਾ ਸੀ।

**ਆਇਤ 19.** ਪੁਰਖੇ ਨੇ ਇਸ ਕਾਨੂੰਨੀ ਲੈਣ-ਦੇਣ ਨੂੰ ਪੂਰਾ ਕੀਤਾ, ਉਸ ਨੇ **ਆਪਣੀ ਪਤਨੀ ਸਾਰਾਹ ਨੂੰ ਮਕਫੇਲਾ ਦੇ ਖੇਤ ਦੀ ਗੁਫਾ ਵਿੱਚ ਜਿਹੜੀ ਮਮਰੇ ਦੇ ਸਾਹਮਣੇ ਹੈ ਅਰਥਾਤ ਕਨਾਨ ਦੇਸ ਦੇ ਹਬਰੋਨ ਵਿੱਚ ਦੱਬ ਦਿੱਤਾ**। ਇਸ ਤਰ੍ਹਾਂ ਕਰਕੇ, ਉਸ ਨੇ ਸਾਰਾਹ ਨੂੰ ਭਵਿੱਖ ਦੇ ਯਹੂਦੀ ਲੋਕਾਂ ਦੀ ਮਾਤਾ ਦੇ ਤੌਰ ਤੇ ਜਿਸ ਦੇ ਰਾਹੀਂ ਇਕ ਦਿਨ ਮਸੀਹਾ ਆਵੇਗਾ, ਸਹੀ ਕਬਰ ਵਿਚ ਦਫਨਾ ਕੇ ਉਸ ਨੂੰ ਆਦਰ ਦਿੱਤਾ (ਮੱਤੀ 1:1-16)। ਇਸ ਤੋਂ ਇਲਾਵਾ, ਉਹ ਆਪਣੀ ਅੰਸ ਨੂੰ ਕਨਾਨ ਦੇ ਦੇਸ ਵਿਚ ਲੈ ਕੇ ਗਿਆ, ਜਿਹੜੀ ਉਨ੍ਹਾਂ ਨੂੰ ਇਕ ਦਿਨ ਇਕ ਮਿਲਖ ਦੇ ਰੂਪ ਵਿਚ ਪ੍ਰਾਪਤ ਹੋਵੇਗੀ। ਸਾਰਾਹ ਤੋਂ ਇਲਾਵਾ, ਜਿਹੜੇ ਮਕਫੇਲਾ ਦੇ ਖੇਤ ਦੀ ਗੁਫਾ ਵਿੱਚ ਦਫਨਾਏ ਗਏ ਸਨ ਉਨ੍ਹਾਂ ਵਿਚ ਅਬਰਾਹਾਮ, ਇਸਹਾਕ, ਰਿਬਕਾਹ, ਲੇਆਹ ਅਤੇ ਯਾਕੂਬ ਸ਼ਾਮਲ ਸਨ (25:9, 10; 49:29-32; 50:13)।

ਹਬਰੋਨ ਵਿਚ ਪਿਤਾਪੁਰਖਾਂ ਦੀ ਕਬਰ ਮਕਫੇਲਾ ਦੀ ਗੁਫਾ ਵਿੱਚ ਇਕ ਪਰੰਪਰਾਗਤ ਥਾਂ ਹੈ, ਜਿਸ ਦਾ ਸਦੀਆਂ ਤੋਂ ਯਹੂਦੀ ਲੋਕ, ਮਸੀਹੀ ਲੋਕ ਅਤੇ ਮੁਸਲਮਾਨ ਆਦਰ ਕਰਦੇ ਆਏ ਹਨ। ਦਰਅਸਲ, ਉਹ ਕੰਧਾਂ ਜੋ ਪਰਿਸਰ ਦੇ ਆਲੇ-ਦੁਆਲੇ ਹਨ ਮਹਾਨ ਹੇਰੋਦੇਸ ਦੇ ਸਮੇਂ ਵਿਚ ਬਣਾਈਆਂ ਗਈਆਂ ਸਨ। ਹਾਲਾਂਕਿ ਇਸਰਾਏਲ ਦੇ ਆਰੰਭਕ ਸਮੇਂ ਦੀਆਂ ਉੱਥੋਂ ਕਈ ਚੀਜ਼ਾਂ ਲੱਭੀਆਂ ਹਨ, ਪਿਤਾਪੁਰਖਾਂ ਦੇ ਸਮੇਂ ਵਿੱਚੋਂ ਕਿਸੇ ਵੀ ਚੀਜ਼ ਨੂੰ ਪ੍ਰਮਾਣਿਤ ਨਹੀਂ ਕੀਤਾ ਗਿਆ ਹੈ।

**ਆਇਤ 20.** ਅਧਿਆਇ ਵਿਚ ਦੁਹਰਾਇਆ ਗਿਆ ਸਿੱਟਾ ਹੈ: **ਐਉਂ ਉਹ ਖੇਤ ਅਤੇ ਉਹ ਦੇ ਵਿਚਲੀ ਗੁਫਾ ਹੇਤ ਦੇ ਪੁੱਤ੍ਰਾਂ ਤੋਂ ਕਬਰਿਸਤਾਨ ਲਈ ਅਬਰਾਹਾਮ ਦੀ ਮਿਲਖ ਹੋ ਗਈ।** ਇਸ ਜ਼ਮੀਨ ਦੇ ਪੁਰਖੇ ਦੀ ਮਿਲਖ ਹੋਣ ਦਾ ਦੁਬਾਰਾ ਜ਼ਿਕਰ ਕਰਨ ਦੇ ਦੁਆਰਾ ਵਾਰਤਾਕਾਰ ਇਸ ਭਾਗ ਵਿਚ ਸਭ ਤੋਂ ਮਹੱਤਵਪੂਰਣ ਘਟਨਾ ਤੇ ਜ਼ੋਰ ਦੇ ਰਿਹਾ ਸੀ: ਇਨ੍ਹਾਂ ਕਨਾਨੀਆਂ ਕੋਲੋਂ ਅਬਰਾਹਾਮ ਦੁਆਰਾ ਜ਼ਮੀਨ ਨੂੰ ਖਰੀਦਣਾ, ਜੋ ਕਿ ਆਉਣ ਵਾਲੀਆਂ ਗੱਲਾਂ ਦੀ ਪੂਰਵ ਸੂਚਨਾ ਸੀ।

# ਪ੍ਰਾਸੰਗਿਕਤਾ

### ਮੌਤ ਦੇ ਸਮੇਂ (ਅਧਿਆਇ 23)

ਮੌਤ ਕਿਸੇ ਦਾ ਪੱਖਪਾਤ ਨਹੀਂ ਕਰਦੀ। ਇਸ ਦੇ ਉਲਟ, ਇਹ ਇਕ ਵੱਡਾ ਸਮਤੋਲ ਹੈ। ਇਹ ਜਵਾਨ ਅਤੇ ਬੁੱਢਿਆਂ, ਅਮੀਰਾਂ ਅਤੇ ਗਰੀਬਾਂ, ਪੁਰਸ਼ ਅਤੇ ਇਸਤਰੀ ਕਿਸੇ ਨੂੰ ਨਹੀਂ ਬਖਸ਼ਦੀ, ਭਾਵੇਂ ਜੀਵਨ ਵਿਚ ਉਨ੍ਹਾਂ ਦੇ ਹਾਲਾਤ ਕਿੱਦਾਂ ਦੇ ਵੀ ਕਿਉਂ ਨਾ ਹੋਣ। ਮੌਤ ਇਕ ਬਿਨ ਬੁਲਾਏ ਘੁਸਪੈਠੀਏ ਦੇ ਰੂਪ ਵਿਚ ਆਉਂਦੀ ਹੈ, ਵਿਆਹੁਤਾ ਜੀਵਨ, ਘਰ, ਜਾਂ ਕਈ ਵਾਰ ਸਮਾਜ ਨੂੰ ਅਲਗ-ਥਲਗ ਕਰ ਦਿੰਦੀ ਹੈ। ਦਾਊਦ (2 ਸਮੂਏਲ 12:15-23), ਅੱਯੂਬ (ਅੱਯੂਬ 1:20), ਯਿਰਮਿਯਾਹ ਅਤੇ ਯਹੂਦਾਹ ਦੇ ਲੋਕਾਂ (2 ਇਤਹਾਸ 35:20-25), ਯਿਸੂ ਅਤੇ ਉਸ ਦੇ ਮਿੱਤਰਾਂ (ਯੂਹੰਨਾ 11:31-36) ਦੇ ਜੀਵਨਾਂ ਵਿਚ ਵੀ ਸੋਗ ਦੇ ਸਮੇਂ ਆਏ ਸਨ। ਪੌਲੁਸ ਨੇ ਮੌਤ ਨੂੰ "ਛੇਕੜਲਾ ਵੈਰੀ" ਕਿਹਾ ਹੈ (1 ਕੁਰਿੰਥੀਆਂ 15:26)। ਇਹ ਜੀਵਨ ਵਿਚ ਜਦੋਂ ਆਉਂਦੀ ਹੈ ਇਸ ਦੀ ਪਰਵਾਹ ਕੀਤੇ ਬਿਨਾਂ, ਮੌਤ ਸੋਗ ਦਾ ਕਾਰਣ ਬਣਦੀ ਹੈ ਜਦੋਂ ਇਹ ਸਾਡੇ ਕਿਸੇ ਅਜੀਜ਼ ਨੂੰ ਸਾਥੋਂ ਦੂਰ ਲੈ ਜਾਂਦੀ ਹੈ।

ਸਾਡੀ ਲਿਖਤ ਕਹਿੰਦੀ ਹੈ, "ਅਬਰਾਹਾਮ ਸਾਰਾਹ ਦੀ ਮੁਕਾਣ ਦੇਣ ਲਈ ਅਰ ਰੋਣ ਲਈ

ਆਇਆ" (23:2)। ਜਿਉਂ ਹੀ ਪੁਰਖਾ ਆਪਣੀ ਪਿਆਰੀ ਪਤਨੀ ਸਾਰਾਹ ਦੇ ਲਈ ਸੋਗ ਕਰਨ ਵਾਸਤੇ ਤੰਬੂ ਦੇ ਅੰਦਰ ਵੜਿਆ, ਨਿਸ਼ਚਤ ਤੌਰ ਤੇ ਉਸ ਦੇ ਮਨ ਵਿਚ ਬਹੁਤ ਸਾਰੀਆਂ ਪੁਰਾਣੀਆਂ ਯਾਦਾਂ ਆਈਆਂ ਹੋਣਗੀਆਂ। ਉਸ ਨੇ ਆਪਣੇ ਵਿਆਹ ਦੇ ਸੈਂਕੜਾ ਜਾਂ ਵੱਧ ਸਾਲਾਂ – ਉਨ੍ਹਾਂ ਦੇ ਇਕੱਠਿਆਂ ਬਿਤਾਏ ਗਏ ਜੀਵਨਾਂ ਦੇ ਉਤਾਰ ਚੜ੍ਹਾਵਾਂ – ਨੂੰ ਚੇਤੇ ਕੀਤਾ ਹੋਵੇਗਾ। ਬੇਸ਼ੱਕ ਉਸ ਨੇ ਸੋਚਿਆ ਹੋਵੇਗਾ ਕਿ ਉਹ ਕਿੰਨੀ ਪਿਆਰੀ ਅਤੇ ਵਫ਼ਾਦਾਰ ਪਤਨੀ ਰਹੀ ਸੀ ਅਤੇ ਉਹ ਉਸ ਨੂੰ ਕਿੰਨਾ ਯਾਦ ਕਰੇਗਾ, ਉਨ੍ਹਾਂ ਮੱਤਭੇਦਾਂ ਅਤੇ ਅਸਿਹਮਤੀਆਂ ਦੇ ਬਾਵਜੂਦ ਜਿਨ੍ਹਾਂ ਦਾ ਉਨ੍ਹਾਂ ਨੇ ਪਿਛਲੇ ਕਈ ਸਾਲਾਂ ਤੋਂ ਅਨੁਭਵ ਕੀਤਾ ਸੀ। ਉਸ ਨੂੰ ਇਹ ਵੀ ਚੇਤੇ ਆਇਆ ਹੋਵੇਗਾ ਕਿ ਉਸ ਨੇ ਇਸਮਾਏਲ ਦੇ ਜਨਮ ਦੇ ਕਾਰਣ ਹਾਜਰਾ ਦੇ ਪ੍ਰਤੀ ਆਪਣੇ ਗੁੱਸੇ ਅਤੇ ਈਰਖਾ ਦਾ ਦੋਸ਼ ਉਸ ਉੱਤੇ ਲਾਇਆ ਸੀ (16:1-6) ਅਤੇ ਉਹ ਕਿੰਨਾ ਪਰੇਸ਼ਾਨ ਅਤੇ ਦੁਖੀ ਹੋਇਆ ਸੀ ਜਦੋਂ ਉਸ ਨੇ ਹਾਜਰਾ ਨੂੰ ਹਮੇਸ਼ਾ ਦੇ ਲਈ ਘਰੋਂ ਬਾਹਰ ਕੱਢਣ ਦੀ ਮੰਗ ਕੀਤੀ ਸੀ (21:8-14)। ਫਿਰ ਵੀ, ਉਹ ਨੇ ਨਿਸ਼ਚਤ ਤੌਰ ਤੇ ਇਹ ਵੀ ਚੇਤੇ ਕੀਤਾ ਸੀ ਕਿ ਉਨ੍ਹਾਂ ਦੀਆਂ ਕੁਝ ਸਮੱਸਿਆਵਾਂ ਉਸ ਦੇ ਆਪਣੇ ਸੁਆਰਥੀ ਕੰਮਾਂ ਅਤੇ ਨਿਹਚਾ ਦੀਆਂ ਤਰੁੱਟੀਆਂ ਦੇ ਕਾਰਨ ਪੈਦਾ ਹੋਈਆਂ ਸਨ।

ਸਭ ਤੋਂ ਮਹੱਤਵਪੂਰਣ ਗੱਲ, ਸ਼ਾਇਦ ਉਸ ਨੇ ਇਹ ਸੋਚਿਆ ਕਿ ਕਿਵੇਂ ਪਰਮੇਸ਼ੁਰ ਨੇ, ਆਪਣੀ ਕਿਰਪਾ ਦੇ ਨਾਲ, ਉਨ੍ਹਾਂ ਦੇ ਪਾਪਾਂ ਅਤੇ ਕਮੀਆਂ ਦੇ ਬਾਵਜੂਦ ਉਨ੍ਹਾਂ ਦੇ ਜੀਵਨਾਂ ਵਿੱਚ ਬਰਕਤ ਦਿੱਤੀ ਸੀ। ਬੇਸ਼ੱਕ, ਉਹ ਉਸ ਵੱਡੇ ਅਨੰਦ ਦੇ ਭਾਗੀਦਾਰ ਸਨ ਜਦੋਂ, ਉਨ੍ਹਾਂ ਦੀ ਪੁੱਤਰ ਨੂੰ ਜਨਮ ਦੇਣ ਦੀ ਸਾਰੀ ਮਨੁੱਖੀ ਆਸ ਖਤਮ ਹੋ ਗਈ, ਤਾਂ ਪਰਮੇਸ਼ੁਰ ਨੇ ਚਮਤਕਾਰੀ ਢੰਗ ਨਾਲ ਉਨ੍ਹਾਂ ਦੇ ਬੁੱਢੇ ਸਰੀਰਾਂ ਵਿਚ ਜਾਨ ਪਾਈ ਅਤੇ ਉਨ੍ਹਾਂ ਨੂੰ ਵਾਅਦੇ ਦੀ ਅੰਸ ਅਰਥਾਤ ਇਸਹਾਕ ਨੂੰ ਜਨਮ ਦੇਣ ਦੇ ਯੋਗ ਬਣਾਇਆ ਸੀ (21:1-7)। ਅਨੰਦ ਮਨਾਉਣ ਦਾ ਇਕ ਹੋਰ ਸਮਾਂ ਉਹ ਦਿਨ ਸੀ ਜਦੋਂ ਅਬਰਾਹਾਮ ਵਾਪਸ ਘਰ ਪਰਤਿਆ ਅਤੇ ਉਸ ਨੇ ਉਨ੍ਹਾਂ ਦੇ ਪਿਆਰੇ ਪੁੱਤਰ ਇਸਹਾਕ ਨੂੰ ਮੋਰੀਆਹ ਪਹਾੜ ਤੇ ਪਰਮੇਸ਼ੁਰ ਦੁਆਰਾ ਬਚਾਉਣ ਦੀ ਸਾਰੀ ਵਾਰਤਾ ਸਾਰਾਹ ਨੂੰ ਦੱਸੀ (22:1-12)। ਉਸ ਨੇ ਜ਼ਰੂਰ ਯਹੋਵਾਹ ਦੇ ਵਾਅਦੇ ਨੂੰ ਦੁਹਰਾਇਆ ਹੋਵੇਗਾ: ਕਿ ਉਸ ਦੀਆਂ ਬਰਕਤਾਂ ਉਨ੍ਹਾਂ ਦੇ ਪੁੱਤਰ ਤੇ ਹੋਣਗੀਆਂ, ਜਿਸ ਦੀ ਅੰਸ ਦੇ ਕਾਰਣ ਆਖ਼ਰਕਾਰ "ਧਰਤੀ ਦੀਆਂ ਸਾਰੀਆਂ ਕੌਮਾਂ" ਬਰਕਤ ਪਾਉਣਗੀਆਂ (22:18)। ਇਹ ਭਰੋਸਾ ਅਬਰਾਹਾਮ ਅਤੇ ਸਾਰਾਹ ਦੇ ਘਟਦੇ ਸਾਲਾਂ ਵਿਚ ਉਨ੍ਹਾਂ ਦੇ ਲਈ ਵੱਡਾ ਉਤਸ਼ਾਹ ਲੈ ਕੇ ਆਇਆ ਹੋਵੇਗਾ, ਜਦੋਂ ਉਨ੍ਹਾਂ ਨੇ ਇਸਹਾਕ ਨੂੰ ਜਵਾਨ ਹੁੰਦਾ ਵੇਖਿਆ ਹੋਵੇਗਾ।

ਅਸੀਂ ਨਹੀਂ ਜਾਣਦੇ ਕਿ ਸੋਗ ਵਾਲੇ ਘਰ ਅਬਰਾਹਾਮ ਦੇ ਮਨ ਵਿਚ ਕਿਹੋ ਜਿਹੇ ਵਿਚਾਰ ਚੱਲ ਰਹੇ ਹੋਣਗੇ; ਪਰ ਕਿਉਂਕਿ ਉਸ ਨੂੰ "ਵਿਸ਼ਵਾਸੀਆਂ ਦਾ ਪਿਤਾ" ਕਿਹਾ ਗਿਆ ਹੈ (ਵੇਖੋ ਰੋਮੀਆਂ 4:16), ਇਹ ਨਿਸ਼ਚਤ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਇਸ ਤੱਥ ਬਾਰੇ ਸੋਚਿਆ ਸੀ ਕਿ ਸਾਰਾਹ ਨਾ ਸਿਰਫ ਇਕ ਚੰਗੀ ਪਤਨੀ ਸੀ, ਪਰ ਉਹ ਪਤਨੀ ਵੀ ਸੀ ਜਿਹੜੀ "ਪਵਿੱਤਰ" ਸੀ ਅਤੇ "ਪਰਮੇਸ਼ੁਰ ਉੱਤੇ ਆਸ ਰੱਖਦੀ ਸੀ" (1 ਪਤਰਸ 3:5)। ਨਿਹਚਾ ਨਾਲ, ਉਹ ਫੇਰ ਤੋਂ ਉਸ ਨਗਰ ਵਿਚ ਉਸ ਦੇ ਨਾਲ ਹੋਣ ਦੀ ਆਸ ਕਰ ਸਕਦਾ ਸੀ "ਜਿਹ ਦੀਆਂ ਨੀਹਾਂ ਹਨ ਅਤੇ ਜਿਹ ਦਾ ਕਾਰੀਗਰ ਅਤੇ ਬਣਾਉਣ ਵਾਲਾ ਪਰਮੇਸ਼ੁਰ ਹੈ" (ਇਬਰਾਨੀਆਂ 11:10)। ਇਹੋ ਆਸ ਅੱਜ ਪਰਮੇਸ਼ੁਰ ਦੇ ਲੋਕਾਂ ਨੂੰ ਹੈ।

ਜਦੋਂ ਅਸੀਂ ਮੌਤ ਦਾ ਸਾਹਮਣਾ ਕਰਦੇ ਹਾਂ ਜਾਂ ਕਿਸੇ ਅਜੀਜ਼ ਦਾ ਸੋਗ ਕਰਦੇ ਹਾਂ ਜਿਹੜਾ ਇਸ ਜੀਵਨ ਤੋਂ ਪਾਰ ਦੂਜੇ ਜੀਵਨ ਵਿਚ ਜਾ ਚੁੱਕਾ ਹੈ, ਤਾਂ ਯਾਦਾਂ ਉਨ੍ਹਾਂ ਵਾਅਦਿਆਂ ਦੇ ਕਾਰਨ

ਜੋ ਸਾਡੇ ਕੋਲ ਮਸੀਹ ਵਿਚ ਹਨ ਵੱਡੀ ਬਰਕਤ ਬਣ ਸਕਦੀਆਂ ਹਨ (ਯੂਹੰਨਾ 5:24-29; 11:25, 26)। ਯਾਦਾਂ ਦਿਲ ਦੇ ਦਰਦ ਦਾ ਕਾਰਣ ਵੀ ਬਣ ਸਕਦੀਆਂ ਹਨ; ਉਹ ਲੋਕਾਂ ਕੋਲੋਂ ਜੀਵਨ ਦੀਆਂ ਖੁਸ਼ੀਆਂ ਅਤੇ ਭਵਿੱਖ ਦੀ ਆਸ ਨੂੰ ਖੋਹ ਸਕਦੀਆਂ ਹਨ। ਸਾਡੀਆਂ ਯਾਦਾਂ ਦਾ ਪ੍ਰਭਾਵ ਉਸ ਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੇ ਬੀਤੇ ਸਮੇਂ ਦੇ ਕੰਮਾਂ ਨੂੰ ਕਿਵੇਂ ਵੇਖਦੇ ਹਾਂ। ਸਾਡੇ ਪਾਪਾਂ ਦੀ ਯਾਦ ਚੰਗੀ ਅਤੇ ਹਿੱਤਕਾਰੀ ਹੈ ਜੇਕਰ ਇਹ ਸਾਡੇ ਲਈ ਸਾਨੂੰ ਪਰਮੇਸ਼ੁਰ ਦੇ ਅੱਗੇ ਤੋਬਾ ਕਰਨ ਅਤੇ ਉਨ੍ਹਾਂ ਨਾਲ ਸਾਰੀਆਂ ਚੀਜਾਂ ਨੂੰ ਸਹੀ ਕਰਨ ਦਾ ਕਾਰਣ ਬਣਦੀ ਹੈ ਜਿਨ੍ਹਾਂ ਨੂੰ ਅਸੀਂ ਠੇਸ ਪਹੁੰਚਾਈ ਹੈ। ਫਿਰ ਪਰਮੇਸ਼ੁਰ ਸਾਨੂੰ ਮਾਫ਼ ਕਰੇਗਾ ਅਤੇ “[ਸਾਡੇ] ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰੇਗਾ” (ਇਬਰਾਨੀਆਂ 8:12; ਵੇਖੋ 10:17)।

ਇਕ ਭਾਵ ਵਿਚ, ਮਸੀਹੀ ਲੋਕ ਮੌਤ ਦੀ ਹਜ਼ੂਰੀ ਵਿਚ ਅਬਰਾਹਾਮ ਨਾਲ ਇੱਕੋ ਜਿਹੀ ਜ਼ਮੀਨ ਤੇ ਖੜੇ ਹਨ। ਹੋ ਸਕਦਾ ਹੈ ਕਿ ਅਸੀਂ ਪਰਮੇਸ਼ੁਰ ਵੱਲੋਂ ਭਰੋਸੇ ਦੀ ਇਕ ਸੁਣਨ ਯੋਗ ਅਵਾਜ਼ ਨੂੰ ਸੁਣਨਾ ਚਾਹੀਏ, ਪਰ ਪਰਮੇਸ਼ੁਰ ਖਾਮੋਸ਼ ਰਹਿੰਦਾ ਹੈ। ਇਕ ਹੋਰ ਭਾਵ ਵਿਚ, ਸਾਡੀ ਨਿਹਚਾ ਦੀ ਜੜ੍ਹ ਪੁਰਖੇ ਦੀ ਨਿਹਚਾ ਨਾਲੋਂ ਜ਼ਿਆਦਾ ਨਿਸ਼ਚਤ ਆਸ ਵਿਚ ਹੈ। ਇਬਰਾਨੀਆਂ ਦੇ ਲੇਖਕ ਨੇ ਇਕ ਤੁਲਨਾ ਪੇਸ਼ ਕੀਤੀ: ਪਿੱਛਲਿਆਂ ਸਮਿਆਂ ਵਿਚ, ਪਰਮੇਸ਼ੁਰ ਨੇ “ਵੱਡਿਆਂ” (ਅਬਰਾਹਾਮ ਅਤੇ ਜਿੰਨੇ ਉਸ ਤੋਂ ਬਾਅਦ ਆਏ) ਨਾਲ ਗੱਲ ਕੀਤੀ; ਪਰ “ਇਨ੍ਹਾਂ ਦਿਨਾਂ ਦੇ ਅੰਤ ਵਿੱਚ [ਉਸ ਨੇ] ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ” (ਰਸੂਲਾਂ ਅਤੇ ਹੋਰਨਾਂ ਦੇ ਰਾਹੀਂ ਜਿਨ੍ਹਾਂ ਨੇ ਉਸ ਨੂੰ ਸੁਣਿਆ ਸੀ) (ਇਬਰਾਨੀਆਂ 1:1, 2; 2:3, 4)। ਪਰਮੇਸ਼ੁਰ ਨੇ, ਯਿਸੂ ਦੇ ਰਾਹੀਂ, ਉਸ ਦੇ ਜੀ ਉੱਠਣ ਬਾਰੇ ਚਸ਼ਮਦੀਦਾਂ ਨੂੰ ਮੌਤ ਤੇ – ਸਪੱਸ਼ਟ ਰੂਪ ਨਾਲ (ਯੂਹੰਨਾ 5:24-29; 11:23-26, 38-44) ਅਤੇ ਪਰਗਟੀਕਰਨ ਰਾਹੀਂ (ਯੂਹੰਨਾ 20:19-31) – ਆਖ਼ਰੀ ਗੱਲ ਆਖੀ ਸੀ। ਸਾਡੀ ਨਿਹਚਾ ਇੱਛੁਕ ਸੋਚ ਤੇ ਅਧਾਰਿਤ ਨਹੀਂ ਹੈ, ਪਰ ਉਨ੍ਹਾਂ ਮਨੁੱਖਾਂ ਦੀ ਸੱਚੀ ਗਵਾਹੀ ਤੇ ਅਧਾਰਿਤ ਹੈ ਜਿਨ੍ਹਾਂ ਨੇ ਮੌਤ ਤੋਂ ਬਾਅਦ ਪ੍ਰਭੂ ਨੂੰ ਜ਼ਿੰਦਾ ਵੇਖਿਆ ਸੀ। ਉਨ੍ਹਾਂ ਨੇ ਇੰਜੀਲ (ਖੁਸ਼ਖ਼ਬਰੀ) ਦਾ ਪਰਚਾਰ ਕਰਨ ਦੇ ਲਈ ਆਪਣੀ ਖੁਦ ਦੀ ਇੱਛਾ ਨਾਲ ਸਭ ਕੁਝ ਕੁਰਬਾਨ ਕਰ ਦਿੱਤਾ, ਤਾਂ ਕਿ ਅਸੀਂ ਸਦੀਪਕ ਜੀਵਨ ਤੱਕ ਜੀ ਉੱਠਣ ਵਿਚ ਉਸ ਦੇ ਨਾਲ ਸਾਂਝੀ ਹੋ ਸਕੀਏ (1 ਕੁਰਿੰਥੀਆਂ 15:1-8, 20-26, 50-58; 1 ਥੱਸਲੁਨੀਕੀਆਂ 4:13-18)।

## ਬਾਈਬਲ ਵਿਚ ਸਮਾਰਕ (ਅਧਿਆਇ 23)

ਅਬਰਾਹਾਮ ਨੇ ਆਪਣੀ ਪਤਨੀ ਦੇ ਲਈ ਇਕ ਪੱਕਾ ਸਮਾਰਕ ਬਣਾਇਆ ਸੀ। ਉਸ ਨੇ ਸਿਰਫ ਉਸ ਦੀ ਲੋਥ ਦੇ ਲਈ ਇਕ ਅਰਾਮ ਦੀ ਥਾਂ ਦੀ ਇੱਛਾ ਨਹੀਂ ਸੀ ਕੀਤੀ, ਜਿਸ ਨੂੰ ਭਵਿੱਖ ਵਿਚ ਆਉਣ ਵਾਲੀਆਂ ਪੀੜ੍ਹੀਆਂ ਦੁਆਰਾ ਅਸਾਨੀ ਨਾਲ ਭੁਲਾਇਆ ਜਾ ਸਕਦਾ। ਬਜਾਇ ਇਸ ਦੇ, ਉਹ ਇਕ ਖੇਤ ਵਿਚ ਇਕ ਗੁਫਾ ਦਾ ਕਬਜ਼ਾ ਚਾਹੁੰਦਾ ਸੀ – ਇਕ ਪੱਕਾ ਕਬਰਿਸਤਾਨ ਜਿਸ ਨੂੰ ਉਸ ਦੀ ਅੰਸ ਹਮੇਸ਼ਾ ਉਸ ਥਾਂ ਵਜੋਂ ਚੇਤੇ ਰੱਖੇ ਜਿੱਥੇ ਮਹਾਨ ਲੋਕਾਂ ਦੀ ਮਾਂ ਦਫਨਾਈ ਗਈ ਹੈ।

ਬਾਈਬਲ ਅਧਾਰਿਤ ਨਿਹਚਾ ਦਾ ਇਕ ਮਹੱਤਵਪੂਰਣ ਪਹਿਲੂ ਉਨ੍ਹਾਂ ਦੇ ਲੋਕਾਂ ਦੇ ਸਮਾਰਕ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਬਰਕਤ ਦਿੱਤੀ ਅਤੇ ਇਤਿਹਾਸ ਵਿਚ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਇਸਤੇਮਾਲ ਕੀਤਾ ਸੀ (ਵੇਖੋ ਇਬਰਾਨੀਆਂ 11)। ਪਰਮੇਸ਼ੁਰ ਦੀ ਵੱਡੀ ਮੁਕਤੀ ਦੀਆਂ ਘਟਨਾਵਾਂ ਤੇ ਪਿੱਛੇ ਮੁੜ ਕੇ ਝਾਤੀ ਮਾਰਨ ਦੁਆਰਾ, ਵਿਸ਼ਵਾਸੀਆਂ ਨੂੰ ਸਾਡੇ ਸਰੀਰਕ ਅਤੇ ਆਤਮਿਕ ਪਿਤਾਪੁਰਖਾਂ ਨੂੰ ਯਾਦ ਕਰਨ ਅਤੇ ਨਿਹਚਾ ਦੇ ਲਈ ਆਪਣੇ ਆਪ ਨੂੰ ਮੁੜ ਤੋਂ

ਸਮਰਪਿਤ ਕਰਨ ਦੇ ਲਈ ਉਤਸ਼ਾਹਿਤ ਹੋਣਾ ਚਾਹੀਦਾ ਹੈ। ਦਫਨਾਉਣ ਦੇ ਲਈ ਕਬਰ ਹੋਣਾ ਅਤੇ ਉਸ ਕਬਰ ਦੀ ਪਛਾਣ ਰੱਖਣ ਦੇ ਲਈ ਉਸ ਤੇ ਨਿਸ਼ਾਨ ਲਗਾਉਣ ਵਿਚ ਕੁਝ ਗਲਤ ਨਹੀਂ ਹੈ ਜਿੱਥੇ ਸਾਡੇ ਕਿਸੇ ਅਜੀਜ਼ ਦਾ ਸਰੀਰ ਦਫਨਾਇਆ ਗਿਆ ਹੈ। ਇਹ ਉਨ੍ਹਾਂ ਦਾ ਆਦਰ ਕਰਨ ਦਾ ਇਕ ਤਰੀਕਾ ਹੈ ਜਿਨ੍ਹਾਂ ਨੂੰ ਅਸੀਂ ਜੀਵਨ ਵਿਚ ਪਿਆਰ ਕੀਤਾ ਹੈ ਅਤੇ ਜਿਹੜੇ ਸਾਡੇ ਤੋਂ ਪਹਿਲਾਂ ਚਲੇ ਗਏ ਹਨ। ਇਹ ਸਾਨੂੰ ਇਹ ਚੇਤੇ ਕਰਾਉਂਦਾ ਹੈ ਕਿ ਅਸੀਂ ਕੌਣ ਹਾਂ, ਅਸੀਂ ਕਿੱਥੋਂ ਆਏ ਹਾਂ ਅਤੇ ਅਸੀਂ ਕਿੱਧਰ ਨੂੰ ਜਾ ਰਹੇ ਹਾਂ। ਇਹ ਖਾਸ ਕਰਕੇ ਤਦ ਸੱਚ ਹੁੰਦਾ ਹੈ ਜਦੋਂ ਮ੍ਰਿਤਕ ਵਿਅਕਤੀ ਪਰਮੇਸ਼ੁਰ ਦੀ ਵਫ਼ਾਦਾਰ ਸੰਤਾਨ ਹੁੰਦਾ ਹੈ, ਜਿਵੇਂ ਕਿ ਸਾਰਾਹ ਸੀ, ਕਿਉਂਕਿ ਇਹ ਸਾਨੂੰ ਉਤਸ਼ਾਹਿਤ ਕਰਦਾ ਹੈ ਅਤੇ ਜੀਵਨ ਵਿਚ ਸਾਨੂੰ ਦਿਸ਼ਾ ਅਤੇ ਉਦੇਸ਼ ਦਿੰਦਾ ਹੈ।

ਬਾਈਬਲ ਵਿਚ ਸਮਾਰਕ ਸਿਰਫ ਲੋਕਾਂ ਨੂੰ ਉੱਚਾ ਕਰਨ ਦੇ ਲਈ ਨਹੀਂ ਸਨ। ਸਗੋਂ "ਨਿਹਚਾ ਦੇ ਸੂਰਬੀਰਾਂ" (ਇਬਰਾਨੀਆਂ 11) ਵੀ ਪਾਪ ਕੀਤਾ ਸੀ ਅਤੇ ਆਪਣੇ ਜੀਵਨਾਂ ਵਿਚ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਤੋਂ ਰਹਿ ਗਏ ਸਨ। ਉਦਾਹਰਣ ਦੇ ਲਈ, ਦਾਊਦ ਨੂੰ "ਬਾਈਬਲ ਵਿਚ ਸਭ ਤੋਂ ਵੱਡੇ ਸੰਤ ਅਤੇ ਸਭ ਤੋਂ ਵੱਡੇ ਪਾਪੀ" ਦੇ ਰੂਪ ਵਿੱਚ ਪਛਾਣਿਆ ਗਿਆ ਹੈ। ਉਸ ਦੇ ਨਾਵੇਂ 73 ਜ਼ਬੂਰ ਹਨ, ਪਰ ਉਸ ਤਰ੍ਹਾਂ ਹਰਾਮਕਾਰੀ ਅਤੇ ਕਤਲ ਦੇ ਪਾਪ ਹਨ (2 ਸਮੂਏਲ 11:2-4; ਜ਼ਬੂਰਾਂ 32; 51)। ਸਾਰੇ ਰਸੂਲਾਂ ਵਿੱਚੋਂ, ਪੌਲੁਸ ਨੂੰ ਅਕਸਰ ਉਸ ਰਸੂਲ ਵਜੋਂ ਜਾਣਿਆ ਜਾਂਦਾ ਹੈ ਜਿਸ ਨੇ ਇੰਜੀਲ ਜਾਂ ਖੁਸ਼ਖ਼ਬਰੀ ਨੂੰ ਫੈਲਾਉਣ ਦੇ ਲਈ ਹੋਰ ਕਿਸੇ ਵੀ ਰਸੂਲ ਨਾਲੋਂ ਵੱਧ ਕੇ ਕੰਮ ਕੀਤਾ। ਇਹ ਸੱਚ ਹੋ ਸਕਦਾ ਹੈ; ਪਰ ਉਸ ਦਾ ਕਾਹਲਾ ਸੁਭਾਅ ਉਸ ਦੇ ਲਈ ਉਸ ਦੇ ਪੁਰਾਣੇ ਸਹਿਕਰਮੀ ਬਰਨਬਾਸ ਤੋਂ ਅਲੱਗ ਹੋ ਕੇ ਉਸ ਦੀ ਦੂਜੀ ਮਿਸ਼ਨਰੀ ਯਾਤਰਾ ਨੂੰ ਮਰਕੁਸ ਯੂਹੰਨਾ ਨਾਲ ਸਾਂਝੀ ਕਰਨ ਦਾ ਕਾਰਣ ਬਣਿਆ ਸੀ, ਜਿਹੜਾ ਉਨ੍ਹਾਂ ਦੀ ਪਹਿਲੀ ਯਾਤਰਾ ਤੋਂ ਪਿੱਛੇ ਮੁੜ ਗਿਆ ਸੀ (ਰਸੂਲਾਂ ਦੇ ਕਰਤੱਬ 13:13; 15:36-41)।

ਉਹ ਸਮਾਰਕ ਜਿਨ੍ਹਾਂ ਦਾ ਬੰਦਗੀ ਦੇ ਨਿਯੁਕਤ ਸਮਿਆਂ ਦੌਰਾਨ ਪਾਲਣ ਕਰਨ ਦੇ ਲਈ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਅਧਿਕਾਰ ਦਿੱਤਾ ਸੀ ਬਾਈਬਲ ਦੇ ਮਹਾਨ ਮਰਦਾਂ ਜਾਂ ਔਰਤਾਂ ਦਾ ਆਦਰ ਨਹੀਂ ਕਰਦੇ। ਮਾਤਰ ਪ੍ਰਾਣੀਆਂ ਦਾ ਆਦਰ ਖ਼ਤਰਨਾਕ ਹੈ ਕਿਉਂਕਿ ਇਹ ਮਨੁੱਖੀ ਵਡਿਆਈ ਵੱਲ ਲੈ ਜਾਂਦਾ ਹੈ – ਲਗਭਗ ਪੂਜਾ ਕਰਨ ਵੱਲ ਲੈ ਜਾਂਦਾ ਹੈ, ਇਸ ਤਰ੍ਹਾਂ ਸੰਤ ਲੋਕ ਅਰਾਧਨਾ ਅਤੇ ਪ੍ਰਾਰਥਨਾ ਦੀਆਂ ਵਸਤੂਆਂ ਬਣ ਜਾਂਦੇ ਹਨ। ਦੂਜੇ ਪਾਸੇ, ਪਰਮੇਸ਼ੁਰ ਦੇ ਪੁਰਾਣੇ ਨੇਮ ਦੇ ਲੋਕਾਂ ਨੇ ਅਕਸਰ ਉਨ੍ਹਾਂ ਥਾਵਾਂ ਤੇ ਪੱਥਰ ਦੇ ਸਮਾਰਕ ਬਣਾਏ ਸਨ ਜਿੱਥੇ ਉਨ੍ਹਾਂ ਨੇ ਬੰਦਗੀ ਕੀਤੀ ਸੀ ਅਤੇ ਯਹੋਵਾਹ ਦੀ ਹਜ਼ੂਰੀ ਅਤੇ ਸ਼ਕਤੀ ਦਾ ਅਨੁਭਵ ਕੀਤਾ ਸੀ। ਇਹ ਸੀਨਈ ਪਹਾੜ (ਕੂਚ 24:4), ਯਰਦਨ ਨਦੀ/ਗਿਲਗਾਲ (ਯਹੋਸ਼ੁਆ 4:7-9, 20), ਸ਼ਕਮ (ਯਹੋਸ਼ੁਆ 24:25, 26) ਅਤੇ ਹੋਰਨਾਂ ਥਾਵਾਂ ਤੇ ਹੋਇਆ ਸੀ। ਸਗੋਂ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮਾਂ ਦੇ ਪੱਥਰ ਦੇ ਸਮਾਰਕ ਵੀ ਆਪਣਾ ਮਹੱਤਵ ਗੁਆਉਂਦੇ ਗਏ ਜਦੋਂ ਭਵਿੱਖ ਵਾਲੀਆਂ ਪੀੜ੍ਹੀਆਂ ਸਮੇਂ ਦੇ ਨਾਲ-ਨਾਲ ਉਨ੍ਹਾਂ ਥਾਵਾਂ ਤੋਂ ਦੂਰ ਹੁੰਦੀਆਂ ਗਈਆਂ ਜਿੱਥੇ ਅਜਿਹੀਆਂ ਘਟਨਾਵਾਂ ਵਾਪਰੀਆਂ ਸਨ।

ਬਾਈਬਲ ਵਿਚ ਸਭ ਤੋਂ ਅਰਥਪੂਰਣ ਸਮਾਰਕ ਸਮੇਂ ਨਾਲ ਸੀਮਤ ਜਾਂ ਵਿਸ਼ੇਸ਼ ਥਾਵਾਂ ਨਾਲ ਬੱਝੇ ਹੋਏ ਨਹੀਂ ਸਨ। ਇਸ ਦੇ ਉਲਟ, ਉਨ੍ਹਾਂ ਵਿਚ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮਾਂ ਦੀ ਯਾਦ ਵਿਚ ਬੰਦਗੀ ਦੇ ਕਾਰਜ ਸ਼ਾਮਲ ਸਨ ਜਿਨ੍ਹਾਂ ਨੇ ਵਿਸ਼ਵਾਸੀਆਂ ਨੂੰ ਵਿਸ਼ੇਸ਼ ਦਿਨਾਂ ਤੇ ਅਤੇ ਅਰਥਪੂਰਣ ਤਰੀਕਿਆਂ ਨਾਲ ਪਰਮੇਸ਼ੁਰ ਨੂੰ ਦਿਲੋਂ ਧੰਨਵਾਦ ਦੇਣ ਅਤੇ ਉਸ ਦੀ ਉਸਤਤ ਕਰਨ

ਦੇ ਲਈ ਪ੍ਰੇਰਿਆ ਸੀ।

ਉਦਾਹਰਣ ਦੇ ਲਈ, ਜਦੋਂ ਸਭ ਤੋਂ ਪਹਿਲਾਂ ਪਰਮੇਸ਼ੁਰ ਨੇ ਇਸਰਾਏਲ ਦੇ ਲੋਕਾਂ ਨੂੰ ਮਿਸਰ ਵਿਚ ਗੁਲਾਮਾਂ ਦੇ ਰੂਪ ਵਿਚ ਉਨ੍ਹਾਂ ਦੀ ਸਖ਼ਤ ਮਜ਼ਦੂਰੀ ਤੋਂ ਸਬਤ ਦਾ ਦਿਨ ਅਰਾਮ ਦੇ ਦਿਨ ਦੇ ਰੂਪ ਵਿਚ ਮਨਾਉਣ ਦੇ ਲਈ ਦਿੱਤਾ, ਉਸ ਨੇ ਉਮੀਦ ਕੀਤੀ ਸੀ ਕਿ ਉਹ ਇਸ ਦੀ ਪ੍ਰਸ਼ੰਸਾ ਕਰਨਗੇ ਅਤੇ ਇਸ ਨੂੰ ਛੇ ਦਿਨਾਂ ਦੀ ਰਚਨਾ ਤੋਂ ਬਾਅਦ ਪਰਮੇਸ਼ੁਰ ਦੇ ਅਰਾਮ ਕਰਨ ਦੀ ਯਾਦ ਵਿਚ ਮਨਾਉਣਗੇ (ਕੂਚ 20:10, 11; ਵੇਖੋ ਉਤਪਤ 2:1-3)। ਉਜਾੜ ਵਿਚ ਲਗਭਗ ਚਾਲੀ ਸਾਲ ਇੱਧਰ-ਉੱਧਰ ਭਟਕਣ ਤੋਂ ਬਾਅਦ, ਪਰਮੇਸ਼ੁਰ ਨੇ, ਮੂਸਾ ਦੇ ਰਾਹੀਂ, ਇਸਰਾਏਲ ਨੂੰ ਇਕ ਵਾਰ ਫੇਰ ਸਬਤ ਦਾ ਹੁਕਮ ਦਿੱਤਾ। ਇਸ ਵਾਰ, ਉਸ ਨੇ ਕੂਚ ਦੀ ਪੁਸਤਕ ਵਿਚ ਇਸ ਨੂੰ ਅਧਿਆਤਮਕ ਤੌਰ ਤੇ ਉਨ੍ਹਾਂ ਦੇ ਮਿਸਰ ਵਿੱਚੋਂ ਕੂਚ ਕਰਨ ਦੇ ਨਾਲ ਜੋੜਿਆ, ਤਾਂ ਕਿ ਲੋਕ ਇਸ ਨੂੰ ਉਸ ਦੇ ਲਈ ਧੰਨਵਾਦ ਦੇਣ ਦੇ ਲਈ ਮਨਾਉਣ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਛੁਡਾਉਣ ਦੇ ਲਈ ਕੀਤਾ ਸੀ (ਬਿਵਸਥਾ ਸਾਰ 5:12-15)।

ਸਮਾਰਕ ਮਨਾਉਣ ਦਾ ਡੂੰਘਾ ਮਹੱਤਵ ਪਸਾਹ ਵਿਚ ਅਤੇ ਉਸ ਤੋਂ ਬਾਅਦ ਪਤੀਰੀ ਰੋਟੀ ਦੇ ਇਕ ਹਫ਼ਤੇ ਤੱਕ ਚੱਲਣ ਵਾਲੇ ਪਰਬ ਵਿਚ ਮਿਲਦਾ ਹੈ, ਇਨ੍ਹਾਂ ਦੋਹਾਂ ਦਾ ਪਹਿਲੀ ਸਦੀ ਵਿਚ "ਪਸਾਹ" ਦੇ ਰੂਪ ਵਿਚ ਹਵਾਲਾ ਦਿੱਤਾ ਗਿਆ ਸੀ। ਜਦੋਂ ਮੂਸਾ ਨੇ ਇਸਰਾਏਲੀਆਂ ਨੂੰ ਪਸਾਹ ਮਨਾਉਣ ਸੰਬੰਧੀ ਹਦਾਇਤ ਦਿੱਤੀ, ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, "ਤੁਸੀਂ ਏਹ ਦਿਨ ਚੇਤੇ ਰੱਖੋ ਜਿਸ ਵਿੱਚ ਤੁਸੀਂ ਮਿਸਰ ਤੋਂ ਗੁਲਾਮੀ ਦੇ ਘਰ ਤੋਂ ਬਾਹਰ ਆਏ ਕਿਉਂ ਕਿ ਯਹੋਵਾਹ ਤੁਹਾਨੂੰ ਹੱਥ ਦੇ ਬਲ ਨਾਲ ਉੱਥੋਂ ਕੱਢ ਲਿਆਇਆ" (ਕੂਚ 13:3)। ਉਸ ਨੇ ਹੇਠ ਲਿਖੀ ਨਸੀਹਤ ਦੇ ਨਾਲ ਆਪਣੀ ਗੱਲ ਨੂੰ ਜਾਰੀ ਰੱਖਿਆ, "ਤੁਸੀਂ ਉਸ ਦਿਨ ਆਪਣੇ ਪੁੱਤ੍ਰਾਂ ਨੂੰ ਏਹ ਦੱਸੋ ਭਈ ਕਾਰਨ ਏਹ ਹੈ ਕਿ ਯਹੋਵਾਹ ਨੇ ਸਾਨੂੰ ਮਿਸਰ ਤੋਂ ਕੱਢਿਆ" (ਕੂਚ 13:8)।

ਇਸਰਾਏਲ ਨੇ ਪਸਾਹ ਨੂੰ ਸਿਰਫ ਇਕ ਘਟਨਾ ਦੇ ਰੂਪ ਵਿਚ ਨਹੀਂ ਸੀ ਮਨਾਉਣਾ ਜੋ ਯਹੋਵਾਹ ਨੇ ਭੂਤਕਾਲ ਵਿਚ ਆਪਣੇ ਲੋਕਾਂ ਨਾਲ ਹੋਣ ਦਿੱਤੀ ਸੀ। ਬਜਾਇ ਇਸ ਦੇ, ਇਹ ਹੁਕਮ ਵਿਅਕਤੀਗਤ ਸੀ ਅਤੇ ਵਰਤਮਾਨ ਵਿਚ ਲਿਆਂਦਾ ਗਿਆ ਸੀ। ਤਿੰਨ ਸਦੀਆਂ ਤੋਂ ਵੀ ਵੱਧ ਸਮੇਂ ਤੋਂ, ਹਰ ਸਾਲ ਪਸਾਹ ਤੇ, ਯਹੂਦੀ ਇਹ ਕਹਿੰਦੇ ਹੋਏ ਇਸ ਹਵਾਲੇ ਦਾ ਜਾਪ ਕਰਦੇ ਹਨ ਕਿ "ਕਾਰਨ ਏਹ ਹੈ ਕਿ ਯਹੋਵਾਹ ਨੇ ਸਾਨੂੰ ਮਿਸਰ ਤੋਂ ਕੱਢਿਆ" (ਕੂਚ 13:8)। ਇਹ ਮੁਕਤੀ ਦੀ ਵੱਡੀ ਘਟਨਾ ਵਿਚ ਦਾਖ਼ਲ ਹੋਣ ਅਤੇ ਉਸ ਨੂੰ ਯਾਦਗਾਰ ਬਣਾਉਣ ਦਾ ਇਕ ਸ਼ਕਤੀਸ਼ਾਲੀ ਤਰੀਕਾ ਹੈ। ਸੰਖੇਪ ਵਿਚ, ਹਰ ਪੀੜ੍ਹੀ ਕਹਿ ਰਹੀ ਹੈ, "ਇਸਰਾਏਲ ਦਾ ਇਤਹਾਸ ਮੇਰਾ ਇਤਹਾਸ ਹੈ।" ਮਿਸ਼ਨਾਹ ਦੱਸਦੀ ਹੈ, "ਹਰ ਪੀੜ੍ਹੀ ਵਿਚ ਮਨੁੱਖ ਨੂੰ ਖੁਦ ਬਾਰੇ ਇਹ ਸਮਝਣਾ ਚਾਹੀਦਾ ਹੈ ਕਿ ਉਹ ਖੁਦ ਮਿਸਰ ਵਿੱਚੋਂ ਬਾਹਰ ਆਇਆ ਹੈ।"[20]

ਇਕ ਭਾਵ ਵਿਚ, ਮਸੀਹੀ ਲੋਕ ਬੰਦਗੀ ਵਿਚ ਮਸੀਹ ਦੀ ਸਲੀਬ ਨੂੰ ਯਾਦਗਾਰ ਬਣਾਉਣ ਦੁਆਰਾ ਇਹੀ ਕਰਦੇ ਹਨ। ਇਕ ਬਹੁਤ ਪੁਰਾਣਾ ਗੀਤ ਦੁੱਖ ਭਰੇ ਤਰੀਕੇ ਨਾਲ ਬਾਰ-ਬਾਰ ਇਹੀ ਪੁੱਛਦਾ ਹੈ, "ਕੀ ਤੁਸੀਂ ਉੱਥੇ ਸੀ ਜਦੋਂ ਮੇਰੇ ਪ੍ਰਭੂ ਨੂੰ ਸਲੀਬ ਉੱਤੇ ਚਾੜ੍ਹਿਆ ਗਿਆ ਸੀ?" ਜਵਾਬ ਹੈ "ਹਾਂ।" ਇਕ ਭਾਵ ਵਿਚ, ਅਸੀਂ ਸਾਰੇ ਉੱਥੇ ਸੀ ਕਿਉਂਕਿ ਉਸ ਦੀ ਸਲੀਬ ਸੱਚਮੁੱਚ ਸਾਡੀ ਸਲੀਬ ਸੀ। ਅਸੀਂ ਮਰਨ ਦੇ ਲਾਇਕ ਸੀ; ਪਰ ਉਸ ਨੇ ਸਾਡੀ ਥਾਂ ਲੈ ਲਈ ਅਤੇ "ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ" (1 ਪਤਰਸ 2:24)। ਉਹ "ਪਰਮੇਸ਼ੁਰ ਦਾ ਲੇਲਾ ਹੈ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ" (ਯੂਹੰਨਾ 1:29)। ਇਸੇ

ਕਰਕੇ ਪੌਲੁਸ ਕੁਰਿੰਥੁਸ ਦੇ ਲੋਕਾਂ ਨੂੰ ਇਹ ਕਹਿ ਸਕਿਆ ਕਿ "ਸਾਡਾ ਪਸਾਹ ਦਾ ਲੇਲਾ ਅਰਥਾਤ ਮਸੀਹ ਬਲੀਦਾਨ ਹੋਇਆ" (1 ਕੁਰਿੰਥੀਆਂ 5:7)। ਗਲਾਤਿਯਾ ਦੇ ਲੋਕਾਂ ਨੂੰ, ਉਸ ਨੇ ਦ੍ਰਿੜ੍ਹਤਾਪੂਰਵਕ ਕਿਹਾ, "ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ" (ਗਲਾਤੀਆਂ 2:20)।

ਪੌਲੁਸ ਨੂੰ ਸਲੀਬ ਦਿੱਤੇ ਜਾਣ ਨੂੰ ਵਿਅਕਤੀਗਤ ਬਣਾਇਆ, ਜਿਵੇਂ ਕਿ ਯਹੂਦੀ ਲੋਕ ਪਸਾਹ ਕਰਦੇ ਹਨ। ਹਰ ਵਿਅਕਤੀ ਯਿਸੂ ਦੇ ਬਾਰੇ ਰਸੂਲ ਦੇ ਵਾਂਗ, ਇਹ ਕਹਿ ਸਕਦਾ ਹੈ ਕਿ ਉਸ ਨੇ "*ਮੇਰੇ* ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ *ਮੇਰੇ* ਲਈ ਦੇ ਦਿੱਤਾ" (ਗਲਾਤੀਆਂ 2:20; ਜ਼ੋਰ ਦਿੱਤਾ ਗਿਆ ਹੈ)। ਭੂਤਕਾਲ ਦੀ ਘਟਨਾ – ਮਸੀਹ ਦੇ ਸਲੀਬ ਦਿੱਤੇ ਜਾਣ – ਨੂੰ ਵਰਤਮਾਨ ਵਿਚ ਲਿਆਂਦਾ ਗਿਆ ਹੈ ਅਤੇ ਵਿਅਕਤੀਗਤ ਬਣਾਇਆ ਗਿਆ ਹੈ। ਇਤਹਾਸ ਵਿਚ ਫੁਟਨੋਟਾਂ ਦੀ ਬਜਾਇ, ਦੋ ਹਜ਼ਾਰ ਸਾਲ ਪਹਿਲਾਂ ਸਲੀਬ ਉੱਤੇ ਮਸੀਹ ਦੀ ਮੌਤ ਇਕ ਸ਼ਕਤੀਸ਼ਾਲੀ ਘਟਨਾ ਹੈ ਜੋ ਹਰ ਨਵੀਂ ਪੀੜ੍ਹੀ ਦੇ ਲਈ ਵਾਸਤਵਿਕ ਅਤੇ ਯਕੀਨੀ ਬਣ ਜਾਂਦੀ ਹੈ ਜਿਹੜੇ ਖੁਸ਼ਖ਼ਬਰੀ ਦੇ ਪਰਚਾਰ ਨੂੰ ਸੁਣਦੇ ਹਨ। ਇਹ ਜੀਉਂਦਾ ਸਮਾਰਕ ਚੰਗੇ ਅਤੇ ਨੇਕ ਦਿਲਾਂ ਨੂੰ ਛੇਦਦਾ ਹੈ ਅਤੇ ਬਦਲਾਅ ਲੈ ਕੇ ਆਉਂਦਾ ਹੈ ਜਦੋਂ ਲੋਕ ਮੁਕਤੀ ਦੇ ਲਈ "ਪਰਮੇਸ਼ੁਰ ਦੀ ਸ਼ਕਤੀ" ਦੁਆਰਾ ਹਿੱਲ ਜਾਂਦੇ ਹਨ (ਰੋਮੀਆਂ 1:15, 16; ਵੇਖੋ ਇਬਰਾਨੀਆਂ 4:12)।

ਪੌਲੁਸ ਨੇ ਬਪਤਿਸਮੇ ਵਿਚ ਪਾਪੀ ਦੀ ਨਿਹਚਾ ਦੇ ਜਵਾਬ ਨੂੰ ਯਿਸੂ ਦੀ ਮੌਤ, ਦਫਨਾਉਣ ਅਤੇ ਜੀ ਉੱਠਣ ਦੇ ਲਈ ਇਕ ਜੀਉਂਦੇ ਅਤੇ ਵਿਅਕਤੀਗਤ ਸਮਾਰਕ ਦੇ ਰੂਪ ਵਿਚ ਦਰਸਾਇਆ ਹੈ। ਉਸ ਨੇ ਅਸਲੀ ਅਰਥ ਨੂੰ ਸਮਝਿਆ ਜਿਸ ਵਿਚ ਅਸੀਂ ਜਦੋਂ ਮਸੀਹ ਯਿਸੂ ਦਾ ਬਪਤਿਸਮਾ ਲੈਂਦੇ ਹਾਂ ਤਾਂ ਉਹ ਦੀ ਮੌਤ ਦੀ ਸਮਾਨਤਾ ਵਿਚ "ਉਹ ਦੇ ਨਾਲ ਜੋੜੇ ਜਾਂਦੇ ਹਾਂ" (ਰੋਮੀਆਂ 6:3, 5)। ਨਿਹਚਾ ਨਾਲ, ਹਰ ਮਸੀਹੀ ਵਿਅਕਤੀ ਮਸੀਹ ਦੀ ਮੌਤ ਵਿਚ ਦਾਖਲ ਹੋ ਚੁੱਕਾ ਹੈ ਤਾਂ ਕਿ ਉਸ ਦਾ ਭੂਤਕਾਲ ਵਰਤਮਾਨ ਵਿਚ ਅਸਲੀ ਬਣ ਜਾਵੇ। ਅਸੀਂ ਕਹਿ ਸਕਦੇ ਹਾਂ ਕਿ ਯਿਸੂ ਦੀ ਮੌਤ *ਸਾਡੀ* ਮੌਤ ਬਣ ਗਈ। ਸਾਡੀ ਨਿਹਚਾ ਦੇ ਕਾਰਣ, ਪਰਮੇਸ਼ੁਰ ਨੇ ਉਸਦੇ ਜੀ ਉੱਠਣ ਨੂੰ *ਸਾਡਾ* ਜੀ ਉੱਠਣਾ ਬਣਾ ਦਿੱਤਾ। ਅਸੀਂ ਨਾ ਸਿਰਫ "ਉਹ ਦੇ ਨਾਲ ਦੱਬੇ ਗਏ ਹਾਂ," ਪਰ "ਜੀਵਨ ਦੇ ਨਵੇਂਪਣ ਵਿੱਚ ਚੱਲਣ ਦੇ ਲਈ" ਪਾਣੀ ਦੇ ਬਪਤਿਸਮੇ ਰਾਹੀਂ ਉਸ ਦੇ ਨਾਲ ਜਿਵਾਲੇ ਵੀ ਗਏ ਹਾਂ (ਰੋਮੀਆਂ 6:4)।

ਇਹੀ ਸਿਧਾਂਤ ਪ੍ਰਭੂ ਭੋਜ ਦੇ ਸੰਬੰਧ ਵਿਚ ਵੀ ਸੱਚਾ ਹੈ। ਇਹ ਯਿਸੂ ਦੇ ਸਰੀਰ ਅਤੇ ਲਹੂ ਦਾ ਜੀਉਂਦਾ ਸਮਾਰਕ ਹੈ, ਜਿਸ ਦਾ ਪਾਲਣ ਹਰ ਥਾਂ ਤੇ ਰਹਿੰਦੇ ਮਸੀਹੀ ਲੋਕਾਂ ਨੇ ਸਮੇਂ ਦੇ ਅੰਤ ਤੱਕ ਕਰਨਾ ਹੈ। ਉੱਪਰਲੇ ਕਮਰੇ ਵਿਚ, ਪ੍ਰਭੂ ਨੇ ਰੋਟੀ ਲਈ ਅਤੇ ਕਿਹਾ, "ਇਹ ਮੇਰਾ ਸਰੀਰ ਹੈ ਜੋ ਤੁਹਾਡੇ ਬਦਲੇ ਦਿੱਤਾ ਜਾਂਦਾ ਹੈ, ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ" (ਲੂਕਾ 22:19)। ਫਿਰ ਉਸ ਨੇ ਅੰਗੂਰ ਦੇ ਰਸ ਬਾਰੇ ਇਹ ਕਿਹਾ ਕਿ "ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ" (ਮੱਤੀ 26:28)। ਇਸ ਕਥਨ ਵਿਚ ਉਸ ਰਸਮ ਦੀਆਂ ਗੂੰਜਾਂ ਹਨ ਜਿਸ ਦੇ ਵਿਚ ਇਸਰਾਏਲ ਨੇ ਸੀਨਈ ਪਹਾੜ ਦੇ ਥੱਲੇ ਦਸ ਹੁਕਮਾਂ ਦੇ ਨੇਮ ਦੀ ਪੁਸ਼ਟੀ ਕੀਤੀ ਸੀ, ਜਦੋਂ ਮੂਸਾ ਨੇ ਜਗਵੇਦੀ ਉੱਤੇ ਅਤੇ ਲੋਕਾਂ ਉੱਤੇ ਹੋਮ ਦੀਆਂ ਬਲੀਆਂ[21] ਦਾ ਲਹੂ ਛਿੜਕਿਆ। ਉਸ ਨੇ ਕਿਹਾ, "ਵੇਖੋ ਏਹ ਲਹੂ ਉਸ ਨੇਮ ਦਾ ਹੈ

ਜਿਹੜਾ ਯਹੋਵਾਹ ਨੇ ਇਨ੍ਹਾਂ ਸਾਰੀਆਂ ਗੱਲਾਂ ਵਿੱਚ ਤੁਹਾਡੇ ਨਾਲ ਬੰਨ੍ਹਿਆ ਸੀ" (ਕੂਚ 24:8)। ਜਦੋਂ ਮਸੀਹੀ ਲੋਕ ਰੋਟੀ ਅਤੇ ਅੰਗੂਰ ਦੇ ਰਸ ਵਿਚ ਸਾਂਝੀ ਹੁੰਦੇ ਹਨ, ਤਾਂ ਬੀਤੇ ਸਮੇਂ ਵਿਚ ਯਿਸੂ ਦੇ ਸਰੀਰ ਦੀ ਕੁਰਬਾਨੀ ਅਤੇ ਪਾਪਾਂ ਦੀ ਮਾਫ਼ੀ ਦੇ ਉਸ ਦੇ ਵਹਾਏ ਗਏ ਲਹੂ ਦੀ ਘਟਨਾ ਨੂੰ ਵਰਤਮਾਨ ਵਿਚ ਮੁੜ ਤੋਂ ਦੁਹਰਾਇਆ ਜਾਂਦਾ ਹੈ। ਭੂਤਕਾਲ ਅਤੇ ਵਰਤਮਾਨ ਦੀਆਂ ਘਟਨਾਵਾਂ ਨੂੰ ਭਵਿੱਖ ਦੀ ਸ਼ਾਨਦਾਰ ਘਟਨਾ ਦੇ ਨਾਲ ਮਿਲਾ ਦਿੱਤਾ ਜਾਂਦਾ ਹੈ। ਪੌਲੁਸ ਨੇ ਲਿਖਿਆ, "ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ" (1 ਕੁਰਿੰਥੀਆਂ 11:26)। ਇਕ ਸ਼ਕਤੀਸ਼ਾਲੀ ਢੰਗ ਨਾਲ, ਭੂਤਕਾਲ ਪਰਮੇਸ਼ੁਰ ਦੇ ਲੋਕਾਂ ਦੇ ਦਿਲਾਂ ਅਤੇ ਜੀਵਨਾਂ ਵਿਚ ਵਰਤਮਾਨ ਬਣ ਜਾਂਦਾ ਹੈ; ਇਹ ਸਾਨੂੰ ਢਾਲਦਾ ਅਤੇ ਆਕਾਰ ਦਿੰਦਾ ਹੈ ਤਾਂ ਕਿ ਅਸੀਂ ਸਦੀਪਕ ਜੀਵਨ ਦੇ ਲਈ ਪ੍ਰਭੂ ਦੀ ਆਮਦ ਅਤੇ ਸਾਡੇ ਜੀ ਉੱਠਣ ਦੀ ਆਸ ਅਤੇ ਉਡੀਕ ਵਿਚ ਜੀਵਨ ਗੁਜਾਰੀਏ।

---

ਟਿੱਪਣੀਆਂ

[1]ਬਰੂਸ ਕੇ. ਵਾਲਟਕੇ, *ਜੈਨੇਸਿਸ: ਏ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਰਜ਼, 2001), 317. [2]ਜੈਫਰੀਜ਼ ਐਮ. ਹੈਮਿਲਟਨ, *ਦੀ ਪੁਸਤਕ ਦਿ ਐਂਕਰ ਬਾਈਬਲ ਡਿਕਸ਼ਨਰੀ,* ਸੋਧ, ਡੇਵਿਡ ਨੋਏਲ ਫਰੀਡਮੈਨ (ਨਿਊ ਯਾਰਕ: ਡੱਬਲਡੇਅ, 1992) ਵਿਚ ਸਫ਼ਾ 4:84 ਤੇ "ਕਿਰਿਆਥ-ਅਰਬਾ" ਹੈ। [3]ਫਿਲਿਪ ਐਸ. ਜੌਨਸਟਨ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ: ਪੈਂਟਾਟੂਕ,* ਸੋਧ, ਟੀ. ਡੈਸਮੰਡ ਐਲਗਜੰਡਰ ਅਤੇ ਡੇਵਿਡ ਡਬਲਿਯੂ. ਬੇਕਰ (ਡਾਊਨਰਸ ਗਰੋਵ, ਇਲੀਨੋਇਸ: ਇੰਟਰ ਵਰਸਿਟੀ ਪ੍ਰੈਸ, 2003) ਵਿਚ ਸਫ਼ਾ 105 ਤੇ "ਦਫਨਾਉਣਾ ਅਤੇ ਸੋਗ ਕਰਨਾ ਹੈ।" ਬਾਅਦ ਵਿਚ ਪ੍ਰਮੁੱਖ ਆਗੂਆਂ ਜਿਵੇਂ ਕਿ ਯੂਸੁਫ਼ ਦੇ ਲਈ (ਚਾਲੀ ਦਿਨ; 50:3), ਹਾਰੂਨ ਦੇ ਲਈ (ਤੀਹ ਦਿਨ; ਗਿਣਤੀ 20:29) ਅਤੇ ਮੂਸਾ ਦੇ ਲਈ (ਤੀਹ ਦਿਨ; ਬਿਵਸਥਾ ਸਾਰ 34:8) ਵਧੇਰੇ ਦਿਨਾਂ ਦਾ ਸੋਗ ਮਨਾਇਆ ਗਿਆ ਸੀ। [4]ਜੌਨ ਬਰਾਈਟ, *ਦ ਹਿਸਟਰੀ ਆਫ਼ ਇਜਰਾਏਲ,* ਤੀਜੀ ਜਿਲਦ (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1981), 115. [5]ਨਾਹੁਮ ਐਮ. ਸਰਨਾ, *ਜੈਨੇਸਿਸ,* ਦ ਜੇਪੀਐਸ ਟੋਰਾਹ ਕਮੈਂਟਰੀ (ਫਿਲਾਡੈਲਫੀਆ: ਜਿਊਇਸ਼ ਪਬਲੀਕੇਸ਼ਨ ਸੋਸਾਇਟੀ, 1989), 396. [6]ਵਿਕਟਰ ਪੀ. ਹੈਮਿਲਟਨ, *ਦ ਬੁਕ ਆਫ਼ ਜੈਨੇਸਿਸ: ਚੈਪਟਰਜ਼ 18-50,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 128. ਹਬਰੋਨ ਦੇ ਹਿੱਤੀਆਂ ਅਤੇ ਐਨਾਟੋਲੀਆ ਦੇ ਹਿੱਤੀਆਂ ਵਿਚਕਾਰ ਸੰਬੰਧ ਦਾ ਸਮਰਥਨ ਕਰਨ ਵਾਲੀਆਂ ਦਲੀਲਾਂ ਦੇ ਲਈ, ਹੈਮਿਲਟਨ ਦੀ ਪੁਸਤਕ ਦੇ ਸਫ਼ੇ 127-28 ਵੇਖੋ। [7]ਕਿਉਂਕਿ ਇਬਰਾਨੀ ਪੁਰਾਣੇ ਨੇਮ ਵਿਚ ਸਿਰਫ ਬਾਈ ਵਿਅੰਜਨ ਸਨ, ਕੋਈ ਲਿਖਤੀ ਸਵਰ ਜਾਂ ਸਵਰ ਬਿੰਦੂ ਨਹੀਂ ਸਨ, NIV ਬਾਈਬਲ ਦੀਆਂ ਕੁਝ ਛਪਾਈਆਂ ਵਿਚ ਸੀਮਤ ਟਿੱਪਣੀ "ਹੇਤੀ" ਦਾ ਪੂਰੇ 23 ਅਧਿਆਇ ਵਿਚ ਇਕ ਵਿਕਲਪਕ ਦੇ ਤੌਰ ਤੇ "ਹਿੱਤੀ" ਦਾ ਸੁਝਾਅ ਦਿੰਦੀ ਹੈ। [8]ਗੋਰਡੋਨ ਜੇ. ਵੈਨਹਮ, *ਜੈਨੇਸਿਸ 16-50,* ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡਾਲਸ: ਵਰਡ ਬੁਕਸ, 1994), 126. [9]ਹੈਰੀ ਏ. ਹੋਫਨਰ, ਜੂਨੀਅਰ, ਦੀ ਪੁਸਤਕ *ਪੀਪਲਜ ਆਫ਼ ਦਿ ਓਲਡ ਟੈਸਟਾਮੈਂਟ ਵਰਲਡ,* ਸੋਧ, ਐਲਫਰਡ ਜੇ. ਹੋਰਥ, ਗੇਰਾਲਡ ਆਈ. ਮੈਟਿੰਗਲੀ ਅਤੇ ਐਡਵਿਨ ਐਮ. ਯਾਮਾਊਚੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1994) ਵਿਚ ਸਫ਼ੇ 152-54 ਤੇ "ਹਿੱਤੀਆਂ" ਹੈ। [10]ਇਹੀ ਸ਼ਬਦ ਅੱਗੇ ਚੱਲ ਕੇ ਕਨਾਨ ਦੇ ਦੇਸ ਦੀ ਜਿੱਤ ਤੋਂ ਬਾਅਦ ਇਸਰਾਏਲੀਆਂ ਦੇ ਲਈ ਵਰਤੇ ਗਏ ਸਨ। ਪਰਮੇਸ਼ੁਰ ਦੀ ਧਰਤੀ ਤੇ ਰਹਿੰਦਿਆਂ ਉਨ੍ਹਾਂ ਦੀ ਸਥਿਤੀ ਹਾਲੇ ਵੀ "ਅਜਨਬੀਆਂ/ਪਰਦੇਸੀਆਂ" ਅਤੇ "ਪਰਾਹੁਣਿਆਂ/ਕਿਰਾਏਦਾਰਾਂ" ਵਰਗੀ ਸੀ (ਲੇਵੀਆਂ 25:23; 1 ਇਤਹਾਸ 29:15; ਜ਼ਬੂਰ 39:12)।

[11]ਹਾਲਾਂਕਿ ਇਬਰਾਨੀ ਵਿਚ ਇਸ ਦਾ ਅਰਥ ਇਸ ਤਰ੍ਹਾਂ ਹੋ ਸਕਦਾ ਹੈ, ASV ਬਾਈਬਲ ਇਸ ਦਾ ਸ਼ਾਬਿਦਕ ਅਰਥ ਇਹ ਦਿੰਦੀ ਹੈ: "ਪਰਮੇਸ਼ੁਰ ਦਾ ਸਹਿਜਾਦਾ।" [12]"ਮਕਫੇਲਾਹ" ਨਾਮ ਇਹ ਇਸ਼ਾਰਾ ਕਰ ਸਕਦਾ ਹੈ ਕਿ ਇਹ "ਦੋਹਰੀ-ਗੁਫਾ" ਜਾਂ "ਵੰਡੀ ਹੋਈ ਗੁਫਾ" ਸੀ। (ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ,* ਸਟੱਡੀ, ਸੋਧ, ਅਨੁਵਾਦ ਅਤੇ ਸੰਪਾਦਨ, ਐਮ. ਈ. ਜੇ.

ਰਿਚਰਡਸਨ [ਬੋਸਟਨ: ਬਰਿਲ, 2001], 1:581.) ਮੁਰਦਿਆਂ ਨੂੰ ਚਟਾਨ ਵਿੱਚੋਂ ਕੱਟੀ ਹੋਈ ਜਾਂ ਗੁਫਾ ਵਾਲੀਆਂ ਕਬਰਾਂ ਵਿਚ ਦਫਨਾਉਣ ਦੀ ਰਵਾਇਤ ਸੀ, ਜੋ ਇਕ ਪਰਿਵਾਰ ਨੂੰ ਕਈ ਪੀੜ੍ਹੀਆਂ ਤੱਕ ਜਗ੍ਹਾ ਦੇ ਸਕਦੀ ਸੀ। [13]ਐਲਬਰੈਚਟ ਗੋਏਟਜ਼ੇ ਦੀ ਪੁਸਤਕ *ਏਨਸ਼ੀਐਂਟ ਨੀਅਰ ਈਸਟਰਨ ਟੈਕਸਟਸ ਰੀਲੇਟਿੰਗ ਟੂ ਦਿ ਓਲਡ ਟੈਸਟਾਮੈਂਟ,* ਤੀਜਾ ਸੰਪਾਦਨ, ਸੋਧ, ਜੇਮਸ ਬੀ. ਪਰਿਟਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 1969) ਵਿਚ "ਹਿੱਤੀ ਕਾਨੂੰਨਾਂ" ਦਾ ਸਫ਼ਾ 191 (ਨੰਬਰ 46, 47) ਵੇਖੋ। [14]ਮੈਨਫਰੈਡ ਆਰ. ਲੇਹਮਨ ਦੀ ਪੁਸਤਕ "ਐਬਰਾਹਮਸ ਪਰਚੇਜ਼ ਆਫ਼ ਮਕਫੇਲਾਹ ਐਂਡ ਹਿਟਾਈਟ ਲਾਅ," *ਬੁਲਿਟਨ ਆਫ਼ ਦਿ ਅਮੈਰੀਕਨ ਸਕੂਲ ਆਫ਼ ਓਰੀਐਂਟਲ ਰਿਸਰਚ* 129 (ਫਰਵਰੀ 1953) ਦੇ ਸਫ਼ੇ 15-18 ਵੇਖੋ। [15]ਚਾਂਦੀ ਦੀ ਮੁਦਰਾ ਕਾਫੀ ਬਾਅਦ ਵਿਚ ਵਿਕਸਤ ਹੋਈ ਸੀ; ਇਸ ਲਈ, ਚਾਂਦੀ ਦੇ ਚਾਰ ਸੌ ਰੁਪਇਆਂ ਵਿਚ ਵਜਨ ਦੁਆਰਾ ਚਾਂਦੀ ਦਾ ਇਕ ਰੁਪਇਆ ਸ਼ਾਮਲ ਸੀ। [16]ਸਰਨਾ, 160. [17]ਐਲਫਰਡ ਜੇ. ਹੋਰਥ, *ਆਰਕੀਓਲੋਜੀ ਐਂਡ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1998), 105-6. [18]ਮੈਨਫਰੈਡ ਆਰ. ਲੇਹਮਨ ਨੇ ਕਿਹਾ ਸੀ ਕਿ "ਹਿੱਤੀ ਵਪਾਰਕ ਦਸਤਾਵੇਜ ਵਿਚ ਵਿਸ਼ੇਸ਼ ਗੁਣ ਹਰ ਅਚੱਲ ਸੰਪੰਤੀ ਵਿਕਰੀ ਵਿਚ ਨਿਰੰਤਰ ਰੂਪ ਵਿਚ ਕਾਫੀ ਸਾਰੇ ਰੁੱਖਾਂ ਦਾ ਆਉਣਾ ਹੈ" (ਲੇਹਮਨ, 18)। [19]ਕਿਰਿਆ *qum* ਦਾ ਸ਼ਾਬਦਿਕ ਅਰਥ "ਖੜੇ ਹੋਣਾ" ਜਾਂ "ਉੱਠਣਾ" ਹੈ ਅਤੇ ਇਹ ਅਧਿਆਇ ਵਿਚ ਪਹਿਲਾਂ ਦੋ ਵਾਰ ਆਉਂਦਾ ਹੈ (23:3, 7)। 23:17, 20 ਵਿਚ, KJV ਬਾਈਬਲ ਵਿਚ "ਨਿਸ਼ਚਤ ਕੀਤਾ ਗਿਆ ਹੈ।" ਇਹ ਸ਼ਬਦ ਵਾਰਤਾ ਵਿਚ ਬਰੈਕਟਾਂ ਵਿਚ ਦਿੱਤਾ ਗਿਆ ਹੈ। [20]ਮਿਸ਼ਨਾਹ *ਪੀਸਾਹਿਮ* 10.5.

[21]ਹੋਮ ਦੀਆਂ ਬਲੀਆਂ ਪ੍ਰਾਸਚਿੱਤ ਦੀਆਂ ਬਲੀਆਂ ਕਰਕੇ ਚੜ੍ਹਾਈਆਂ ਜਾਂਦੀਆਂ ਸਨ ਤਾਂ ਕਿ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਮਿਲ ਸਕੇ (ਲੇਵੀਆਂ 1:3-5; 4:13-21)।